# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 17 ਅਗਸਤ 2025 ਦਿਨ ਐਤਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਬੁੱਢੇ ਦਰਿਆ ਦੇ ਕੰਢੇ ਪਿੰਡ ਭੂਖੜੀ ਖੁਰਦ ਵਿਖੇ ਵਾਤਾਵਰਨ ਸੰਭਾਲ ਬਾਰੇ ਸ਼ਾਨਦਾਰ ਕਵੀ ਦਰਬਾਰ ਕਰਵਾਇਆ।

### ਸਮਾਜਿਕ ਜ਼ਿੰਦਗੀ,ਧਰਤੀ,ਪਾਣੀ ਤੇ ਹਵਾ ਨੂੰ ਬਚਾਉਣ ਲਈ ਰਲ ਕੇ ਹੰਭਲਾ ਮਾਰੀਏ -ਸੰਤ ਬਲਬੀਰ ਸਿੰਘ ਸੀਚੇਵਾਲ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾਃ 17 ਅਗਸਤ : ਉੱਘੇ ਵਾਤਾਵਰਨ ਪ੍ਰੇਮੀ ਤੇ ਰਾਜ ਸਭਾ ਮੈਂਬਰ ਪਦਮ ਸ੍ਰੀ ਬਲਬੀਰ ਸਿੰਘ ਸੀਚੇਵਾਲ ਜੋ ਅੱਜ ਕੱਲ ਬੁੱਢੇ ਦਰਿਆ ਦੀ ਕਾਇਆ ਕਲਪ ਲਈ ਲਗਾਤਾਰ ਯਤਨਸ਼ੀਲ ਹਨ ਉਹਨਾਂ ਦੀ ਰਹਿਨੁਮਾਈ ਹੇਠ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਦੇ ਸਹਿਯੋਗ ਨਾਲ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਬੁੱਢੇ ਦਰਿਆ ਦੇ ਕੰਢੇ ਪਿੰਡ ਭੂਖੜੀ ਖੁਰਦ ਦੇ ਗੁਰਦੁਆਰਾ ਸਾਹਿਬ ਵਿਖੇ ਵਾਤਾਵਰਨ ਸੰਬੰਧੀ ਕਵੀ ਦਰਬਾਰ ਕਰਵਾਇਆ ਗਿਆ।



ਕਵੀ ਦਰਬਾਰ ਵਿੱਚ ਸ਼ਾਮਿਲ ਕਵੀਆਂ ਪ੍ਰਸਿੱਧ ਕਵਿਤਰੀ ਡਾਕਟਰ ਗੁਰਚਰਨ ਕੌਰ ਕੋਚਰ (ਨੈਸ਼ਨਲ ਅਵਾਰਡੀ) ਨੇ ਕਦੇ ਨਾ ਸੋਚਿਆ ਸੀ ਇਸ ਤਰ੍ਹਾਂ ਦਾ ਵਕਤ ਆਏਗਾ , ਸਹਿਜਪ੍ਰੀਤ ਸਿੰਘ ਮਾਂਗਟ ਨੇ ਬਾਹਰੋਂ ਆਈ ਆਵਾਜ਼ ਮੈਂ ਹਾਂ ਪੌਣ , ਤ੍ਰੈਲੋਚਨ ਲੋਚੀ ਇਕੋ ਰੁੱਖ ਜੇ ਲਾਵੇਗਾ ਤੂੰ ਚਾਵਾਂ ਨਾਲ,
ਕਰਮਜੀਤ ਗਰੇਵਾਲ ਵੱਲੋਂ ਜੇ ਨਾ ਵਾਤਾਵਰਨ ਬਚਾਇਆ ਕਿੰਜ ਫਿਰ ਆਪਾਂ ਜੀਵਾਂਗੇ, ਪ੍ਰਭਜੋਤ ਸੋਹੀ ਪੌਣਾਂ ਦੀ ਆਜ਼ਾਦੀ ਤੇ ਰਵਾਨੀ ਪਾਣੀ ਦੀ,
ਦਿਲ ਨੂੰ ਆਲੇ ਵਾਂਗ ਬਣਾ ਕੇ ਵਿੱਚ ਸਜਾਇਆ ਤੇਰਾ ਨਾਂ, ਰਾਜਦੀਪ ਤੂਰ ਨੇ ਫਿਰ ਨਾ ਲੱਭਿਆ ਲੱਭਣੇ ਬੈਂਦਿਆ ਰੁੱਤਾਂ ਦੇ ਸਿਰਨਾਵੇ , ਡਾ. ਰਾਮ ਮੂਰਤੀ ਨੇ ਗੁਰੂ ਨਾਨਕ, ਸੰਤ ਸਿੰਘ ਸੰਧੂ ਨੇ ਹਵਾ ਪਾਣੀ ਨੂੰ ਬਚਾਉਣ ਬਾਰੇ ਕਵਿਤਾ ਸੁਣਾ ਕੇ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ।
ਸੰਤ ਬਾਬਾ ਬਲਵੀਰ ਸਿੰਘ ਸੀਚੇਵਾਲ ਨੇ ਕਵੀਆਂ ਨੂੰ ਸਨਮਾਨਿਤ ਕਰਦਿਆਂ ਕਿਹਾ ਕਿ ਭਾਦਰੋਂ ਦੀ ਸੰਗਰਾਂਦ ਦੇ ਮੌਕੇ ਤੇ ਕਵੀ ਦਰਬਾਰ ਵਿੱਚ ਆਏ ਕਵੀਆਂ ਨੇ ਵਾਤਾਵਰਣ ਨੂੰ ਬਚਾਉਣ ਲਈ, ਪਾਣੀ ਨੂੰ ਬਚਾਉਣ ਲਈ, ਹਵਾ ਨੂੰ ਬਚਾਉਣ ਲਈ ਕਵਿਤਾਵਾਂ ਸੁਣਾ ਕੇ ਸਾਨੂੰ ਇੱਕ ਨਵਾਂ ਸੁਨੇਹਾ ਦਿੱਤਾ ਹੈ। ਸਾਨੂੰ ਸਾਰਿਆਂ ਨੂੰ ਰਲ ਕੇ ਆਪਣੀ ਧਰਤੀ ਅਤੇ ਵਾਤਾਵਰਨ ਨੂੰ ਬਚਾਉਣ ਲਈ ਹੰਭਲਾ ਮਾਰਨ ਦੀ ਲੋੜ ਹੈ।
ਭੂਖੜੀ ਖੁਰਦ ਪਿੰਡ ਦੀ ਪੰਚਾਇਤ, ਪਿੰਡ ਦੇ ਪਤਵੰਤੇ ਸੱਜਣ ਅਤੇ ਇਲਾਕਾ ਨਿਵਾਸੀਆਂ ਦਾ ਧੰਨਵਾਦ ਕੀਤਾ ਤੇ ਹੌਂਸਲੇ ਦਿੱਤੀ ਜਿਹੜੇ ਬੁੱਢੇ ਦਰਿਆ ਦੀ ਕਾਇਆ ਕਲਪ ਲਈ ਆਪਣਾ ਵਡਮੁੱਲਾ ਯੋਗਦਾਨ ਪਾ ਰਹੇ ਹਨ।
ਛੋਟੇ ਬੱਚਿਆਂ ਨੇ ਕੀਰਤਨ ਰਾਹੀਂ ਅਤੇ ਕਵਿਤਾਵਾਂ ਰਾਹੀਂ ਆਪਣੀ ਭਰਵੀਂ ਹਾਜ਼ਰੀ ਲਗਵਾਈ।
ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਕਵੀਆਂ ਅਤੇ ਇਲਾਕਾ ਨਿਵਾਸੀਆਂ ਦੇ ਨਾਲ ਮਿਲ ਕੇ ਬੁੱਢੇ ਦਰਿਆ ਦੇ ਕੰਢੇ ਪੌਦੇ ਲਗਵਾਏ। ਕਵੀ ਦਰਬਾਰ ਦੀ ਰੂਪ ਰੇਖਾ ਸ. ਪਾਲ ਸਿੰਘ ਨੌਲੀ ਨੇ ਵਿਉਂਤੀ ਸੀ। ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਇਸ ਕਵੀ ਦਰਬਾਰ ਮੌਕੇ ਸ਼ੁੱਭ ਕਾਮਨਾਵਾਂ ਦੇਂਦਿਆਂ ਕਿਹਾ ਕਿ ਵਾਤਾਵਰਣ ਸੰਭਾਲ ਦੇ ਮਹਾਂਯੱਗ ਵਿੱਚ ਕਲਮਕਾਰਾਂ, ਗਾਇਕਾਂ ਤੇ ਸਮਾਜਿਕ ਕਾਰਕੁਨਾਂ ਨੂੰ ਵੱਧ ਚੜ੍ਹ ਕੇ ਹਿੱਸਾ ਪਾਉਣਾ ਚਾਹੀਦਾ ਹੈ। ਬੁੱਢੇ ਦਰਿਆ ਨੂੰ ਸਾਫ ਕਰਨ ਦੇ ਚੱਲ ਰਹੇ ਕਾਰਜਾਂ ਨੂੰ ਦੇਖ ਕੇ ਕਵੀ ਦਰਬਾਰ ਵਿੱਚ ਸ਼ਾਮਿਲ ਕਵੀਆਂ ਤੇ ਇਸ ਮੌਕੇ ਆਈਆਂ ਸੰਗਤਾਂ ਨੇ ਬਾਬਾ ਬਲਬੀਰ ਸਿੰਘ ਸੀਚੇਵਾਲ ਦਾ ਵਿਸ਼ੇਸ਼ ਧੰਨਵਾਦ ਕੀਤਾ।

## ਫ਼ੌਜੀ ਰਾਜਪੁਰੀ ਦਾ ਭਜਨ 'ਓਮ ਨਮੋ ਨਰਾਇਣ' ਰਿਲੀਜ਼

### ਸੋਹਨ ਕਲੋਲੀ ਦੀ ਇਸ ਰਚਨਾ ਨੂੰ ਮਿਲ ਰਿਹਾ ਹੈ ਭਰਭੂਰ ਪਿਆਰ

ਵਰਲਡ ਪੰਜਾਬੀ ਟਾਈਮਜ਼
ਰੋਮੀ ਘੜਾਮਾਂ

ਰਾਜਪੁਰਾ, 17 ਅਗਸਤ : ਪ੍ਰਸਿੱਧ ਪੰਜਾਬੀ ਗਾਇਕ ਫ਼ੌਜੀ ਰਾਜਪੁਰੀ ਦੀ ਦਮਦਾਰ ਆਵਾਜ਼ ਤੇ ਸ਼ਾਨਦਾਰ ਅੰਦਾਜ਼ ਵਿੱਚ ਨਵਾਂ ਭਜਨ 'ਓਮ ਨਮੋ ਨਰਾਇਣ', 'ਜਸ਼ਨ ਐਨ ਰਿਕਾਰਡਜ਼' ਕੰਪਨੀ ਦੁਆਰਾ ਰਿਲੀਜ਼ ਕੀਤਾ ਗਿਆ। ਜਿਸ ਨੂੰ ਕਲਮਬੱਧ ਕੀਤਾ ਹੈ ਗੀਤਕਾਰ ਸੋਹਨ ਕਲੌਲੀ ਨੇ ਅਤੇ ਸੰਗੀਤਕ ਧੁਨਾਂ ਨਾਲ ਸ਼ਿੰਗਾਰਿਆ ਹੈ ਸੰਗੀਤਕਾਰ ਮਨੀ ਬਚਨ ਨੇ। ਵਿਡੀਓ 'ਰਿਧਮ ਫਿਲਮ ਪ੍ਰੋਡਕਸ਼ਨ' (ਕੈਮਰਾਮੈਨ ਅਸ਼ਕਦੀਪ ਰਿਧਮ) ਵੱਲੋਂ ਪਿੰਡ ਨਲਾਸ ਦੇ ਸ਼ਿਵ ਮੰਦਿਰ ਵਿਖੇ ਦਿਲ-ਟੁੰਬਵੇਂ ਦ੍ਰਿਸ਼ਾਂ 'ਤੇ ਫਿਲਮਾਇਆ ਗਿਆ। ਰਿਲੀਜ਼ ਮੌਕੇ ਪੇਸ਼ਕਾਰ/ਗੀਤਕਾਰ ਰਾਜੂ ਨਾਹਰ ਦੀ ਸਮੁੱਚੀ ਟੀਮ ਨੇ ਸਹਿਯੋਗੀ ਸੱਜਣਾ ਕੇ.ਸੀ. ਗਿਰੀ, ਗੁਰਮੀਤ ਗਿਰੀ, ਟਿੰਕੂ ਗਿਰੀ, ਸੁਰਿੰਦਰ ਪੂੰਨੀਆ ਫਰੀਦਪੁਰੀ, ਲੱਕੀ ਬਨੂੰੜ ਅਤੇ ਰਾਜ ਰਾਏਪੁਰੀ ਦਾ ਉਚੇਚੇ ਤੌਰ ਤੇ ਧੰਨਵਾਦ ਕੀਤਾ। ਫੌਜੀ ਸਾਹਬ ਨੇ ਸਰੋਤਿਆਂ ਨੂੰ ਅਪੀਲ ਕੀਤੀ ਕਿ ਯੂ ਟਿਊਬ ਚੈਨਲ 'ਜਸ਼ਨ ਐਨ ਰਿਕਾਰਡਜ਼' 'ਤੇ ਇਸ ਭਜਨ ਨੂੰ ਵੇਖ/ਸੁਣ ਕੇ ਆਪੋ-ਆਪਣੀਆਂ ਪ੍ਰਤੀਕਿਰਿਆਵਾਂ ਜਰੂਰ ਦੇਣ।




## ਸੁਤੰਤਰਤਾ ਦਿਹਾੜੇ ਮੌਕੇ ਨੈਣਾ ਜੀਵਨ ਜੋਤੀ ਕਲੱਬ, ਰੋਪੜ ਦਾ ਵਿਸ਼ੇਸ਼ ਸਨਮਾਨ

ਵਰਲਡ ਪੰਜਾਬੀ ਟਾਈਮਜ਼
ਰੋਮੀ ਘੜਾਮਾਂ

ਰੋਪੜ, 17 ਅਗਸਤ : ਰੋਪੜ ਦੀ ਸਮਾਜ ਸੇਵੀ ਕਾਰਜਾਂ ਲਈ ਪ੍ਰਸਿੱਧ ਸੰਸਥਾ ਨੈਣਾ ਜੀਵਨ ਜਯੋਤੀ ਕਲੱਬ ਦਾ ਨਹਿਰੂ ਸਟੇਡੀਅਮ ਵਿਖੇ ਹੋਏ ਜਿਲ੍ਹਾ ਪੱਧਰੀ ਸਮਾਗਮ ਵਿੱਚ ਖਾਸ ਤੌਰ 'ਤੇ ਸਨਮਾਨ ਕੀਤਾ ਗਿਆ। ਜਿੱਥੇ ਪੰਜਾਬ ਦੇ ਵਿੱਤ ਯੋਜਨਾ, ਕਰ ਤੇ ਆਬਕਾਰੀ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੁੱਖ ਮਹਿਮਾਨ ਅਤੇ ਹਲਕਾ ਵਿਧਾਇਕ ਐਡਵੋਕੇਟ ਦਿਨੇਸ਼ ਚੱਡਾ, ਡਿਪਟੀ



ਕਮਿਸ਼ਨਰ ਵਰਜੀਤ ਵਾਲੀਆ ਆਈ.ਏ.ਐੱਸ. ਅਤੇ ਐਸ.ਐਸ.ਪੀ. ਗੁਰਮੀਤ ਸਿੰਘ ਖੁਰਾਨਾ ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ। ਉਕਤ ਸ਼ਖਸੀਅਤਾਂ ਦੀ ਹਾਜਰੀ ਵਿੱਚ ਹੋਏ ਸਨਮਾਨ ਲਈ ਕਲੱਬ ਮੈਂਬਰਾਂ ਪਰਵੀਨ ਜੈਨ, ਸੰਦੀਪ ਕੱਕੜ, ਵਰਿੰਦਰ ਵਿਆਸ, ਅਤਿੰਦਰ ਪਾਲ ਸਿੰਘ, ਸ਼ਿਵ ਕੁਮਾਰ ਸੈਣੀ, ਦਿਨੇਸ਼ ਵਰਮਾ ਅਤੇ ਧਰੁਵ ਨਾਰੰਗ ਨੇ ਸਾਰੇ ਪ੍ਰਸ਼ਾਸਨ ਦਾ ਉਚੇਚੇ ਤੌਰ 'ਤੇ ਧੰਨਵਾਦ ਕੀਤਾ।

## ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪਾਰਟੀ ਦਾ ਪਰਿਵਾਰ ਦਿਨੋਂ-ਦਿਨ ਵਿਸ਼ਾਲ ਹੋ ਰਿਹਾ ਹੈ

### ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨਾਲ ਸੁਹਿਰਦ ਸੋਚ ਦੀਆਂ ਸ਼ਖਸਿਅਤਾਂ ਜੁੜ ਰਹੀਆਂ ਹਨ

ਵਰਲਡ ਪੰਜਾਬੀ ਟਾਈਮਜ਼

ਅੰਮ੍ਰਿਤਸਰ 17 ਅਗਸਤ : ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕਾਰਜਕਾਰੀ ਪ੍ਰਧਾਨ ਸ. ਇਮਾਨ ਸਿੰਘ ਮਾਨ ਜੀ ਨੇ ਅੰਮ੍ਰਿਤਸਰ ਵਿਖੇ ਅਹੁੱਦੇਦਾਰਾਂ ਨੂੰ ਨਿਯੁਕਤੀ ਪੱਤਰ ਦੇ ਕੇ ਆਗੂਆਂ ਨੂੰ ਉੱਨਾਂ ਦੀਆਂ ਜ਼ਿੰਮੇਵਾਰੀਆਂ ਦਿੱਤੀਆਂ। ਸ. ਦਵਿੰਦਰ ਸਿੰਘ ਬੱਲ ਜੀ ਨੂੰ ਜਨਰਲ ਸਕੱਤਰ ਦਿਹਾਤੀ ਜ਼ਿਲਾ ਅੰਮ੍ਰਿਤਸਰ, ਸ. ਲਛਮਣ ਸਿੰਘ ਜੀ ਨੂੰ ਸ਼ਹਿਰੀ ਮੀਤ ਪ੍ਰਧਾਨ 7 ਸ. ਅਮਨਬੀਰ ਸਿੰਘ ਜੀ ਨੂੰ ਦਿਹਾਤੀ ਮੀਤ ਪ੍ਰਧਾਨ ਯੂਥ ਵਿੰਗ ਜ਼ਿਲਾ ਅੰਮ੍ਰਿਤਸਰ, ਸ. ਮਲਕੀਤ ਸਿੰਘ ਜੀ ਨੂੰ



ਹਲਕਾ ਪ੍ਰਧਾਨ ਮੱਤੇ ਨੰਗਲ ਯੂਥ ਵਿੰਗ ਨਿਯੁਕਤ ਕੀਤਾ ਗਿਆ। ਇਸ ਸਮੇਂ ਸ. ਇਮਾਨ ਸਿੰਘ ਮਾਨ ਜੀ ਕਾਰਜਕਾਰਨੀ ਪ੍ਰਧਾਨ, ਸ. ਉਪਕਾਰ ਸਿੰਘ ਸੰਧੂ ਜੀ ਜਨਰਲ ਸਕੱਤਰ ਪੰਜਾਬ, ਸ. ਅਮਰੀਕ ਸਿੰਘ ਨੰਗਲ ਜੀ ਜਥੇਬੰਦਕ ਸਕੱਤਰ ਮਾਝਾ ਜੋਨ, ਸ. ਹਰਮਨਦੀਪ ਸਿੰਘ ਜੀ ਸ਼ਹਿਰੀ ਪ੍ਰਧਾਨ ਜ਼ਿਲਾ ਅੰਮ੍ਰਿਤਸਰ, ਬੀਬੀ ਰਸ਼ਪਿੰਦਰ ਕੌਰ ਗਿੱਲ ਜੀ ਜਨਰਲ ਸਕੱਤਰ ਪੰਜਾਬ ਇਸਤਰੀ ਵਿੰਗ, ਬੀਬੀ ਸੁਖਮਨਦੀਪ ਕੌਰ ਜੀ ਸ਼ਹਿਰੀ ਮੀਤ ਪ੍ਰਧਾਨ ਜ਼ਿਲਾ ਅੰਮ੍ਰਿਤਸਰ ਇਸਤਰੀ ਵਿੰਗ, ਮਨਜਾਪ ਕੌਰ ਗਿੱਲ ਜੀ ਪ੍ਰਧਾਨ ਚਿਲਡਰਨ ਵਿੰਗ ਹਾਜ਼ਿਰ ਸਨ।

## ਸੀਨੀਅਰ ਸਿਟੀਜਨ ਵੈਲਫੇਅਰ ਐਸੋਸੀਏਸ਼ਨ ਨੇ ਆਜ਼ਾਦੀ ਦਿਹਾੜਾ ਮਨਾਉਂਦੇ ਹੋਏ ਕੀਤਾ ਸਨਮਾਨ ਸਮਾਰੋਹ।

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ



ਫਰੀਦਕੋਟ 17 ਅਗਸਤ : ਸੀਨੀਅਰ ਸਿਟੀਜਨ ਵੈਲਫੇਅਰ ਐਸੋਸੀਏਸ਼ਨ ਫਰੀਦਕੋਟ ਨੇ ਆਜ਼ਾਦੀ ਦਿਹਾੜੇ ਮਨਾਉਂਦੇ ਹੋਏ ਮੈਂਬਰਾਂ ਨੂੰ ਸਨਮਾਨਿਤ ਕਰਨ ਦਾ ਸਮਾਰੋਹ ਮਹਾਤਮਾ ਗਾਂਧੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਕੀਤਾ।
ਸਮਾਰੋਹ ਦੀ ਸ਼ੁਰੂਆਤ ਤੇ ਚੇਅਰਮੈਨ ਐਸੋਸੀਏਸ਼ਨ ਐਡਵੋਕੇਟ ਰਮੇਸ਼ ਚੰਦਰ ਜੈਨ ਨੇ ਸਭ ਮੈਂਬਰਾਂ ਨੂੰ ਜੀ ਆਇਆ ਕਹਿੰਦਿਆਂ ਹੋਇਆ ਆਜ਼ਾਦੀ ਦਿਵਸ ਸਬੰਧੀ ਦੱਸਿਆ ਤੇ ਸਨਮਾਨਿਤ ਹੋਣ ਵਾਲੇ ਮੈਂਬਰਾਂ ਨੂੰ ਵਧਾਈਆਂ ਦਿੱਤੀਆਂ।
ਵਿਤ ਸਕੱਤਰ ਪ੍ਰੋਫੈਸਰ ਐਨ. ਕੇ. ਗੁਪਤਾ ਨੇ ਮੰਚ ਸੰਚਾਲਕ ਦੀ ਭੂਮਿਕਾ ਨਿਭਾਉਂਦਿਆਂ ਹੋਇਆਂ ,ਸਨਮਾਨਿਤ ਹੋਣ ਵਾਲੇ ਮੈਂਬਰਾਂ ਦੀ ਜਾਣ ਪਹਿਚਾਣ ਕਰਵਾਈ ਅਤੇ ਹਾਰ ਪਹਿਨਾ ਕੇ ਸ਼ਾਨਦਾਰ ਤੋਹਫੇ ਦੇ ਕੇ ਐਸੋਸੀਏਸ਼ਨ ਦੇ ਅਹੁਦੇਦਾਰਾਂ ਤੋਂ ਸਨਮਾਨਿਤ ਕਰਵਾਇਆ ਅਤੇ ਐਸੋਸੀਏਸ਼ਨ ਦੇ ਲੇਖੇ ਜੋਖੇ ਬਾਰੇ ਵੀ ਚਾਨਣਾ ਪਾਇਆ।
ਇਸ ਸਮਾਰੋਹ ਦੌਰਾਨ ਪ੍ਰਿੰਸੀਪਲ ਵਿਨੋਦ ਕੁਮਾਰ ਸਿੰਗਲਾ, ਮੈਨੇਜਰ ਸੁਖਮੰਦਰ ਸਿੰਘ ਭਲੂਰੀਆ ,ਹੈਡ ਮਾਸਟਰ ਸੰਤ ਸਿੰਘ, ਖਜਾਨਾ ਅਫਸਰ ਇੰਦਰਜੀਤ ਸਿੰਘ ਖੀਵਾ,ਅਦਾਲਤੀ ਰੀਡਰ ਗਰੀਸ਼ ਕੁਮਾਰ ਸੁਖੀਜਾ (ਸਾਰੇ ਹੀ ਰਿਟਾਇਰਡ) ਅਤੇ ਜਰਨਾਲਿਸਟ ਸਤੀਸ਼ ਕੁਮਾਰ ਬਾਗੀ ਨੂੰ ਤੋ ਫਿਰ ਦੇ ਕੇ ਸਨਮਾਨਿਤ ਕੀਤਾ ਗਿਆ।
ਪ੍ਰੋਫੈਸਰ ਨਿਰਮਲ ਕੌਸ਼ਲ ਨੇ ਕਵਿਤਾ ਰਾਹੀਂ, ਸਟੇਟ ਅਵਾਰਡੀ ਕੁਲਜੀਤ ਸਿੰਘ ਵਾਲੀਆ ਨੇ ਆਜ਼ਾਦੀ ਸਬੰਧੀ ਆਪਣੇ ਵਿਚਾਰ ਸਾਂਝੇ ਕੀਤੇ।
ਇਸ ਸਮਾਰੋਹ ਨੂੰ ਸਫਲ ਕਰਨ ਲਈ ਪੀ. ਆਰ. ਓ. ਦਰਸ਼ਨ ਲਾਲ ਚੁੱਘ, ਇੰਜ ਜੀਤ ਸਿੰਘ ਅਤੇ ਦੇਵ ਕ੍ਰਿਸ਼ਨ ਸ਼ਰਮਾ ਨੇ ਵਿਸ਼ੇਸ਼ ਯੋਗਦਾਨ ਪਾਇਆ।
ਐਸੋਸੀਏਸ਼ਨ ਪ੍ਰਧਾਨ ਪ੍ਰਿੰਸੀਪਲ ਸੇਵਾ ਸਿੰਘ ਚਾਵਲਾ ਨੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਹੋਇਆਂ ਐਸੋਸੀਏਸ਼ਨ ਦੇ ਅਗਲੇ ਮਹੀਨੇ ਦੇ ਪ੍ਰੋਜੈਕਟਾਂ ਸਬੰਧੀ ਵੀ ਜਾਣਕਾਰੀ ਦਿੱਤੀ।
ਸਮਾਰੋਹ ਦੀ ਰੌਣਕ ਵਧਾਉਣ ਲਈ ਇੰਜੀ ਦਰਸ਼ਨ ਸਿੰਘ ਰੋਮਾਣਾ, ਪ੍ਰਿੰਸੀਪਲ ਸੁਖਦੇਵ ਸਿੰਘ ਦੋਸਾਂਝ, ਪ੍ਰਿਤਪਾਲ ਸਿੰਘ ਕੋਹਲੀ, ਜਸਵੰਤ ਸਿੰਘ ਕੁਲ ,ਕੇ. ਪੀ. ਸਿੰਘ ਸਰਾਂ, ਕਰਨਲ ਬਲਬੀਰ ਸਿੰਘ ਸਰਾਂ ,ਗੰਗਾ ਪ੍ਰਸਾਦ ਛਾਬੜਾ, ਬਿਸ਼ਨ ਦਾਸ ਅਰੋੜਾ ਤੋਂ ਇਲਾਵਾ ਹੋਰ ਵੀ ਮੈਂਬਰ ਹਾਜ਼ਰ ਸਨ।
ਸਮਾਰੋਹ ਦੀ ਸਮਾਪਤੀ ਰਾਸ਼ਟਰੀ ਗੀਤ ਦੇ ਗੁਣਗਾਨ ਨਾਲ ਕੀਤੀ ਗਈ।

## ਸਪੀਕਰ ਸੰਧਵਾਂ ਨੇ ਜਨਮ ਅਸ਼ਟਮੀ ਦੀਆਂ ਦਿੱਤੀਆਂ ਵਧਾਈਆਂ, ਮੰਦਰਾਂ ਵਿੱਚ ਕੀਤੀ ਅਰਦਾਸ

### ਆਪਸੀ ਏਕਤਾ ਅਤੇ ਧਾਰਮਿਕ ਸਾਂਝ ਪੰਜਾਬ ਦੀ ਤਾਕਤ : ਸਪੀਕਰ ਸੰਧਵਾਂ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 17 ਅਗਸਤ: ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਭਗਵਾਨ ਸ਼੍ਰੀ ਕ੍ਰਿਸ਼ਨ ਦੀਆਂ ਲੀਲਾਵਾਂ ਅਤੇ ਉਪਦੇਸ਼ ਸਮਾਜ ਲਈ ਹਮੇਸ਼ਾ ਪ੍ਰੇਰਣਾ ਦਾ ਸਰੋਤ ਰਹੇ ਹਨ। ਜਨਮ ਅਸ਼ਟਮੀ ਦੇ ਪਵਿੱਤਰ ਤਿਉਹਾਰ ਦੇ ਮੌਕੇ ਉਨ੍ਹਾਂ ਨੇ ਸਮੂਹ ਪੰਜਾਬ ਵਾਸੀਆਂ ਨੂੰ ਜਨਮ ਅਸ਼ਟਮੀ ਦੀਆਂ ਵਧਾਈਆਂ ਦਿੱਤੀਆਂ ਅਤੇ ਲੋਕਾਂ ਨੂੰ ਸੱਚਾਈ, ਨਿਸ਼ਕਾਮ ਭਾਵਨਾ ਅਤੇ ਨੇਕੀ ਦੇ ਮਾਰਗ 'ਤੇ ਚੱਲਣ ਦੀ ਅਪੀਲ ਕੀਤੀ। ਸ੍ਰ. ਸੰਧਵਾਂ ਆਪਣੀ ਧਰਮਪਤਨੀ ਗੁਰਪ੍ਰੀਤ ਕੌਰ ਸੰਧਵਾਂ ਨਾਲ ਕੱਲ੍ਹ ਦੇਰ ਰਾਤ ਕੋਟਕਪੂਰਾ ਦੇ ਵੱਖ-ਵੱਖ ਮੰਦਰਾਂ ਵਿੱਚ ਪਹੁੰਚੇ, ਜਿੱਥੇ ਉਨ੍ਹਾਂ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ।




ਇਸ ਦੌਰਾਨ ਉਨ੍ਹਾਂ ਨੇ ਕਿਹਾ ਕਿ ਭਗਵਾਨ ਕ੍ਰਿਸ਼ਨ ਨੇ ਹਮੇਸ਼ਾਂ ਅਧਰਮ ਦੇ ਖ਼ਾਤਮੇ ਅਤੇ ਧਰਮ ਦੀ ਸਥਾਪਨਾ ਲਈ ਮਨੁੱਖਤਾ ਨੂੰ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਵੀ ਸਾਨੂੰ ਉਨ੍ਹਾਂ ਦੇ ਦਰਸਾਏ ਰਾਹ 'ਤੇ ਤੁਰਨ ਦੀ ਲੋੜ ਹੈ ਤਾਂ ਜੋ ਸਮਾਜ ਵਿਚ ਪੈਦਾ ਹੋ ਰਹੀਆਂ ਬੁਰਾਈਆਂ ਨੂੰ ਦੂਰ ਕਰਕੇ ਪਿਆਰ, ਸੱਚਾਈ ਅਤੇ ਇਨਸਾਫ਼ ਦਾ ਮਾਹੌਲ ਬਣਾਇਆ ਜਾ ਸਕੇ। ਸਪੀਕਰ ਸ. ਸੰਧਵਾਂ ਨੇ ਅੱਗੇ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਸਿਰਫ ਰਾਜਨੀਤਕ ਸੇਵਾ ਤੱਕ ਸੀਮਿਤ ਨਹੀਂ ਰੱਖਣਾ ਚਾਹੁੰਦੇ, ਸਗੋਂ ਨਿਰ ਸਵਾਰਥ ਹੋ ਕੇ ਲੋਕਾਂ ਦੀ ਭਲਾਈ ਲਈ ਕੰਮ ਕਰਨ ਨੂੰ ਆਪਣਾ ਧਰਮ ਮੰਨਦੇ ਹਨ। ਉਨ੍ਹਾਂ ਨੇ ਲੋਕਾਂ ਨੂੰ ਯਕੀਨ ਦਵਾਇਆ ਕਿ ਉਹ ਹਰ ਸੰਭਵ ਯਤਨ ਕਰਨਗੇ ਤਾਂ ਜੋ ਸਮਾਜ ਵਿਚ ਸਮਾਨਤਾ ਅਤੇ ਭਾਈਚਾਰੇ ਦੀ ਭਾਵਨਾ ਨੂੰ ਮਜ਼ਬੂਤ ਕੀਤਾ ਜਾ ਸਕੇ। ਕੋਟਕਪੂਰਾ ਦੇ ਮੰਦਰਾਂ ਵਿਚ ਜਦੋਂ ਸਪੀਕਰ ਸੰਧਵਾਂ ਪਹੁੰਚੇ ਤਾਂ ਸੰਗਤਾਂ ਵੱਲੋਂ ਉਨ੍ਹਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਉਨ੍ਹਾਂ ਨੇ ਭਗਵਾਨ ਸ਼੍ਰੀ ਕ੍ਰਿਸ਼ਨ ਦੇ ਬਾਲ ਰੂਪ ਨੂੰ ਰਸਮੀ ਝੂਲੇ ਵਿੱਚ ਝੁਲਾਇਆ ਅਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਮੌਕੇ ਉਨ੍ਹਾਂ ਨੇ ਹਿੰਦੂ ਭਾਈਚਾਰੇ ਦੇ ਨੁਮਾਇੰਦਿਆਂ ਨਾਲ ਗੱਲਬਾਤ ਵੀ ਕੀਤੀ ਅਤੇ ਆਪਸੀ ਏਕਤਾ ਅਤੇ ਧਾਰਮਿਕ ਸਾਂਝ ਨੂੰ ਪੰਜਾਬ ਦੀ ਤਾਕਤ ਦੱਸਿਆ। ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀਆਂ ਨੇ ਹਿੱਸਾ ਲਿਆ ਅਤੇ ਭਗਵਾਨ ਸ਼੍ਰੀ ਕ੍ਰਿਸ਼ਨ ਦੇ ਜਨਮ ਦਿਹਾੜੇ ਨੂੰ ਧਾਰਮਿਕ ਉਤਸ਼ਾਹ ਨਾਲ ਮਨਾਇਆ। ਮੰਦਰਾਂ ਵਿੱਚ ਸਾਰਾ ਦਿਨ ਭਜਨ ਕੀਰਤਨ ਗੂੰਜਦੇ ਰਹੇ ਅਤੇ ਸ਼ਰਧਾਲੂਆਂ ਵੱਲੋਂ ਭਗਤੀ ਭਾਵਨਾ ਨਾਲ ਅਰਦਾਸਾਂ ਕੀਤੀਆਂ ਗਈਆਂ। ਇਸ ਮੌਕੇ ਉਹਨਾ ਗੁਰਮੀਤ ਸਿੰਘ ਆਰੇਵਾਲਾ ਚੇਅਰਮੈਨ ਮਾਰਕਿਟ ਕਮੇਟੀ ਕੋਟਕਪੂਰਾ, ਗੁਰਪ੍ਰੀਤ ਸਿੰਘ ਗੈਰੀ ਵੜਿੰਗ ਸੰਗਠਨ ਇੰਚਾਰਜ ਕੋਟਕਪੂਰਾ, ਸਿਮਰਜੀਤ ਸਿੰਘ ਸਿਮਰਾ ਐਮ.ਸੀ., ਨਰੇਸ਼ ਸਿੰਗਲਾ 'ਆਪ' ਆਗੂ ਆਦਿ ਵੀ ਹਾਜਰ ਸਨ।

## ਮੁੱਖ ਮੰਤਰੀ ਵੱਲੋਂ 26 ਪ੍ਰਸਿੱਧ ਸ਼ਖ਼ਸੀਅਤਾਂ ਦਾ ਸਟੇਟ ਐਵਾਰਡ ਨਾਲ ਸਨਮਾਨ

### ਲਾਮਿਸਾਲ ਕਾਰਗੁਜ਼ਾਰੀ ਦਿਖਾਉਣ ਵਾਲੇ 19 ਪੁਲਿਸ ਅਫ਼ਸਰਾਂ ਤੇ ਮੁਲਾਜ਼ਮਾਂ ਨੂੰ ਵੀ ਮੁੱਖ ਮੰਤਰੀ ਰਕਸ਼ਕ ਪਦਕ ਤੇ ਮੁੱਖ ਮੰਤਰੀ ਮੈਡਲ ਦਿੱਤੇ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ

ਫ਼ਰੀਦਕੋਟ, 17 ਅਗਸਤ : ਸੁਤੰਤਰਤਾ ਦਿਵਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੱਖ-ਵੱਖ ਖੇਤਰਾਂ ਵਿੱਚ ਵਿਲੱਖਣ ਯੋਗਦਾਨ ਪਾਉਣ ਵਾਲੀਆਂ 26 ਉੱਘੀਆਂ ਸ਼ਖ਼ਸੀਅਤਾਂ ਨੂੰ ਸਟੇਟ ਐਵਾਰਡ ਪ੍ਰਦਾਨ ਕੀਤੇ। ਇਸ ਤੋਂ ਇਲਾਵਾ ਚਾਰ ਪੁਲਿਸ ਅਧਿਕਾਰੀਆਂ/ਕਰਮਚਾਰੀਆਂ ਨੂੰ ਮੁੱਖ ਮੰਤਰੀ ਰਕਸ਼ਕ ਪਦਕ ਅਤੇ 15 ਪੁਲਿਸ ਮੁਲਾਜ਼ਮਾਂ ਨੂੰ ਡਿਊਟੀ ਦੌਰਾਨ ਲਾਮਿਸਾਲ ਕਾਰਗੁਜ਼ਾਰੀ ਲਈ ਮੁੱਖ ਮੰਤਰੀ ਮੈਡਲ ਦਿੱਤੇ ਗਏ। ਇਨ੍ਹਾਂ ਐਵਾਰਡੀਆਂ ਵਿੱਚ ਸਮਾਜ ਸੇਵੀ, ਕਲਾਕਾਰ, ਸਾਹਿਤਕਾਰ, ਕਵੀ, ਵਾਤਾਵਰਨ ਪ੍ਰੇਮੀ ਤੇ ਸਰਕਾਰੀ ਅਧਿਕਾਰੀ ਅਤੇ ਹੋਰ ਸ਼ਾਮਲ ਹਨ, ਜਿਨ੍ਹਾਂ ਵਡੇਰੇ ਜਨਤਕ ਹਿੱਤ ਵਿੱਚ ਆਪੋ-ਆਪਣੇ ਖ਼ੇਤਰਾਂ ਵਿੱਚ ਲਾਮਿਸਾਲ ਯੋਗਦਾਨ ਪਾਇਆ।
ਇੱਥੇ ਸੁਤੰਤਤਰਾ ਦਿਵਸ ਮੌਕੇ ਸੂਬਾ ਪੱਧਰੀ ਸਮਾਰੋਹ ਦੌਰਾਨ ਮੁੱਖ ਮੰਤਰੀ ਨੇ ਜਿਨ੍ਹਾਂ ਅਹਿਮ ਸ਼ਖ਼ਸੀਅਤਾਂ ਨੂੰ ਸਰਟੀਫਿਕੇਟ ਤੇ ਐਵਾਰਡ ਦਿੱਤੇ, ਉਨ੍ਹਾਂ ਵਿੱਚ ਡਾ. ਅਨੁਪਮਾ ਗੁਪਤਾ (ਅੰਮ੍ਰਿਤਸਰ), ਮਾਸਟਰ ਤੇਗਬੀਰ ਸਿੰਘ (ਰੂਪਨਗਰ), ਸਰੂਪਇੰਦਰ ਸਿੰਘ (ਪਟਿਆਲਾ), ਰਤਨ ਲਾਲ ਸੋਨੀ (ਹੁਸ਼ਿਆਰਪੁਰ), ਡਾ. ਹਿਤੇਂਦਰ ਸੂਰੀ (ਫਤਹਿਗੜ੍ਹ ਸਾਹਿਬ), ਗੁਲਸ਼ਨ ਭਾਟੀਆ (ਅੰਮ੍ਰਿਤਸਰ), ਰਿਫ਼ਤ ਵਹਾਬ (ਮਾਲੇਰਕੋਟਲਾ), ਰਮਾ ਮੁੰਜਾਲ (ਲੁਧਿਆਣਾ), ਬਲਦੇਵ ਕੁਮਾਰ (ਹੁਸ਼ਿਆਰਪੁਰ), ਅਪੇਕਸ਼ਾ (ਬਠਿੰਡਾ), ਗੁਲਜ਼ਾਰ ਸਿੰਘ ਪਟਿਆਲਵੀ (ਪਟਿਆਲਾ), ਬਲਦੇਵ ਸਿੰਘ (ਪਟਿਆਲਾ), ਬਲਰਾਜ ਸਿੰਘ (ਹੁਸ਼ਿਆਰਪੁਰ), ਪਰਮਜੀਤ ਸਿੰਘ ਬਖ਼ਸ਼ੀ (ਜਲੰਧਰ), ਯੁਵਰਾਜ ਸਿੰਘ ਚੌਹਾਨ (ਲੁਧਿਆਣਾ), ਕ੍ਰਿਸ਼ਨ ਕੁਮਾਰ ਪਾਸਵਾਨ (ਬਠਿੰਡਾ), ਐਡਵੋਕੇਟ ਰਾਜੀਵ ਮਦਾਨ (ਅੰਮ੍ਰਿਤਸਰ), ਜਸਕਰਨ ਸਿੰਘ (ਬਠਿੰਡਾ), ਡਾ. ਪਵਨ ਕੁਮਾਰ (ਹੁਸ਼ਿਆਰਪੁਰ), ਡਾ. ਹਰਬੰਸ ਕੌਰ (ਹੁਸ਼ਿਆਰਪੁਰ), ਡਾ. ਰਾਜ ਕੁਮਾਰ (ਹੁਸ਼ਿਆਰਪੁਰ), ਡਾ. ਮਹਿਮਾ ਮਿਨਹਾਸ (ਹੁਸ਼ਿਆਰਪੁਰ), ਨਿਸ਼ਾ ਰਾਣੀ (ਹੁਸ਼ਿਆਰਪੁਰ), ਡਾ. ਪੀ.ਐਸ. ਬਰਾੜ (ਕੋਟਕਪੁਰਾ), ਡਾ. ਰਵੀ ਬਾਂਸਲ (ਕੋਟਕਪੁਰਾ) ਅਤੇ ਡਾ. ਅਭਿਨਵ ਸ਼ੂਰ (ਜਲੰਧਰ) ਸ਼ਾਮਲ ਹਨ।



ਮੁੱਖ ਮੰਤਰੀ ਨੇ ਜਿਨ੍ਹਾਂ ਚਾਰ ਪੁਲਿਸ ਅਫ਼ਸਰਾਂ/ਮੁਲਾਜ਼ਮਾਂ ਦਾ ਮੁੱਖ ਮੰਤਰੀ ਰਕਸ਼ਕ ਪਦਕ ਨਾਲ ਸਨਮਾਨ ਕੀਤਾ, ਉਨ੍ਹਾਂ ਵਿੱਚ ਰਾਜਿੰਦਰ ਸਿੰਘ ਏ.ਐਸ.ਆਈ., ਨਰਿੰਦਰ ਸਿੰਘ ਏ.ਐਸ.ਆਈ., ਸੀਨੀਅਰ ਕਾਂਸਟੇਬਲ ਜਸਵੰਤ ਸਿੰਘ ਅਤੇ ਹਰਪਾਲ ਕੌਰ ਸ਼ਾਮਲ ਹਨ। ਭਗਵੰਤ ਸਿੰਘ ਮਾਨ ਨੇ 15 ਪੁਲਿਸ ਮੁਲਾਜ਼ਮਾਂ ਨੂੰ ਲਮਿਸਾਲ ਡਿਊਟੀ ਲਈ ਮੁੱਖ ਮੰਤਰੀ ਮੈਡਲ ਪ੍ਰਦਾਨ ਕੀਤੇ, ਉਨ੍ਹਾਂ ਵਿੱਚ ਜਤਿਨ ਕਪੂਰ ਇੰਸਪੈਕਟਰ, ਅਮੋਲਕਦੀਪ ਸਿੰਘ ਕਾਹਲੋਂ ਇੰਸਪੈਕਟਰ, ਨਵਨੀਤ ਕੌਰ ਇੰਸਪੈਕਟਰ, ਪ੍ਰਭਜੀਤ ਕੁਮਾਰ ਇੰਸਪੈਕਟਰ, ਲਵਦੀਪ ਸਿੰਘ ਐਸ.ਆਈ., ਗੁਰਮੇਲ ਸਿੰਘ ਐਸ.ਆਈ., ਡਿੰਪਲ ਕੁਮਾਰ ਐਸ.ਆਈ., ਸੁਖਚੈਨ ਸਿੰਘ ਐਸ.ਆਈ., ਸਤਵਿੰਦਰ ਸਿੰਘ ਐਸ.ਆਈ., ਹਰਜਿੰਦਰ ਸਿੰਘ ਏ.ਐਸ.ਆਈ, ਸੰਦੀਪ ਸਿੰਘ ਏ.ਐਸ.ਆਈ, ਹੌਲਦਾਰ ਸੰਦੀਪ ਸਿੰਘ, ਹੌਲਦਾਰ ਇਕਬਾਲ ਸਿੰਘ, ਹੌਲਦਾਰ ਕਰਮਬੀਰ ਸਿੰਘ ਅਤੇ ਹੌਲਦਾਰ ਜਗਜੀਤ ਸਿੰਘ ਸ਼ਾਮਲ ਹਨ।

## ਪ੍ਰਮੁੱਖ ਬਾਣੀਆਂ ਦਾ ਸਾਹਿਤਕ ਮੁੱਲਾਂਕਣ




ਵਰਲਡ ਪੰਜਾਬੀ ਟਾਈਮਜ਼ ਪ੍ਰੋ. ਨਵ ਸੰਗੀਤ ਸਿੰਘ

ਸੁਖਦੇਵ ਸਿੰਘ ਸ਼ਾਂਤ (ਜਨਮ 1952) ਗੁਰਮਤਿ ਸਾਹਿਤ, ਬਾਲ ਸਾਹਿਤ, ਕਹਾਣੀ ਤੇ ਮਿੰਨੀ ਕਹਾਣੀ ਨਾਲ ਜੁੜਿਆ ਇੱਕ ਬੜਾ ਹੀ ਨਿਮਰ ਇਨਸਾਨ ਹੈ। ਧਾਰਮਿਕ ਅਧਿਐਨ ਅਤੇ ਅੰਗਰੇਜ਼ੀ ਵਿਸ਼ਿਆਂ ਵਿੱਚ ਐਮਏ ਦੇ ਨਾਲ ਨਾਲ ਗਿਆਨੀ ਅਤੇ ਹਾਇਰ ਡਿਪਲੋਮਾ ਇਨ ਕੋਆਪ੍ਰੇਸ਼ਨ ਪਾਸ ਕਰਕੇ ਉਹ ਪੰਜਾਬ ਸਰਕਾਰ ਦੇ ਸਹਿਕਾਰਤਾ ਵਿਭਾਗ ਵਿੱਚੋਂ ਬਤੌਰ ਸਹਾਇਕ ਰਜਿਸਟਰਾਰ (ਸਹਿਕਾਰੀ ਸਭਾਵਾਂ) ਸੇਵਾਮੁਕਤ ਹੋਇਆ ਹੈ। ਸਥਾਈ ਤੌਰ ਤੇ ਪਟਿਆਲੇ ਦਾ ਵਸਨੀਕ ਸੁਖਦੇਵ ਸਿੰਘ ਸ਼ਾਂਤ ਸਮੇਂ ਸਮੇਂ ਤੇ ਆਪਣੇ ਬੱਚਿਆਂ ਕੋਲ ਇੰਡੀਆਨਾ, ਅਮਰੀਕਾ ਵੀ ਗੇੜਾ ਮਾਰਦਾ ਰਹਿੰਦਾ ਹੈ। ਉਹਨੇ ਗੁਰਮਤਿ ਸਾਹਿਤ ਵਿੱਚ 4, ਬਾਲ ਸਾਹਿਤ ਵਿੱਚ 5, ਕਵਿਤਾ ਵਿੱਚ 1 ਅਤੇ ਮਿੰਨੀ ਕਹਾਣੀ ਦੀਆਂ 3 ਪੁਸਤਕਾਂ ਲਿਖੀਆਂ ਹਨ। ਉਹਦੀਆਂ ਦੋ ਬਾਲ ਪੁਸਤਕਾਂ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਕ੍ਰਮਵਾਰ 1997 ਅਤੇ 2003 ਵਿੱਚ 'ਸ੍ਰੀ ਗੁਰੂ ਹਰਿਕ੍ਰਿਸ਼ਨ ਪੁਰਸਕਾਰ' ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ; ਡਾ. ਗੰਡਾ ਸਿੰਘ ਮੈਮੋਰੀਅਲ ਟ੍ਰੱਸਟ ਪਟਿਆਲਾ ਵੱਲੋਂ ਉਹਦੇ ਤਿੰਨ ਖੋਜ ਪੱਤਰਾਂ ਨੂੰ ਪਹਿਲਾ ਅਤੇ ਇੱਕ ਨੂੰ ਦੂਜਾ ਇਨਾਮ ਮਿਲਿਆ ਹੈ; ਪੰਜਾਬੀ ਸਾਹਿਤ ਸਭਾ ਪਟਿਆਲਾ ਨੇ ਉਹਨੂੰ 'ਰਜਿੰਦਰ ਕੌਰ ਵੰਤਾ ਯਾਦਗਾਰੀ ਪੁਰਸਕਾਰ' ਦੇ ਕੇ ਨਿਵਾਜਿਆ ਹੈ; ਕੇਂਦਰੀ ਪੰਜਾਬੀ ਮਿੰਨੀ ਕਹਾਣੀ ਮੰਚ ਵੱਲੋਂ ਸ਼ਾਂਤ ਨੂੰ 'ਮਾਤਾ ਮਾਨ ਕੌਰ ਯਾਦਗਾਰੀ ਮਿੰਨੀ ਕਹਾਣੀ ਪੁਰਸਕਾਰ' ਪ੍ਰਦਾਨ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਮਿਸ਼ਨ ਪਟਿਆਲਾ ਨੇ ਉਹਦੇ 4 ਟ੍ਰੈਕਟ ਪ੍ਰਕਾਸ਼ਿਤ ਕੀਤੇ ਹਨ, ਜਿਨ੍ਹਾਂ 'ਚੋਂ ਇੱਕ ਟ੍ਰੈਕਟ ਗੁਜਰਾਤੀ ਭਾਸ਼ਾ ਵਿੱਚ ਵੀ ਅਨੁਵਾਦ ਹੋ ਕੇ ਛਪ ਚੁੱਕਾ ਹੈ।

ਰੀਵਿਊ ਅਧੀਨ ਪੁਸਤਕ 'ਜਪੁ ਜੀ ਤੇ ਹੋਰ ਬਾਣੀਆਂ' (ਸੰਗਮ ਪਬਲੀਕੇਸ਼ਨ ਸਮਾਣਾ; ਪੰਨੇ 272; ਮੁੱਲ 395/- ਰੁਪਏ) ਸ਼ਾਂਤ ਦੀ ਇਸੇ ਸਾਲ ਪ੍ਰਕਾਸ਼ਿਤ ਹੋਈ ਮਹੱਤਵਪੂਰਣ ਪੁਸਤਕ ਹੈ, ਜਿਸਦੇ 12 ਅਧਿਆਇ ਬਣਾਏ ਹਨ। ਮੁੱਖਬੰਦ (ਸੁਰਿੰਦਰ ਸਿੰਘ ਨਿਮਾਣਾ) ਅਤੇ ਦੋ ਸ਼ਬਦ (ਲੇਖਕ) ਤੋਂ ਬਿਨਾਂ ਅੰਤਿਕਾ ਤੇ ਪੁਸਤਕ ਸੂਚੀ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

ਇਸ ਕਿਤਾਬ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ 6 ਪ੍ਰਮੁੱਖ ਬਾਣੀਆਂ – ਜਪੁ, ਆਸਾ ਦੀ ਵਾਰ, ਸਿਧ ਗੋਸਟਿ, ਬਾਰਹ ਮਾਹਾ ਤੁਖਾਰੀ, ਓਅੰਕਾਰੁ, ਪਟੀ ਲਿਖੀ ਦਾ ਨਿਕਟ ਅਧਿਐਨ ਕੀਤਾ ਗਿਆ ਹੈ। ਗੁਰਬਾਣੀ ਦੇ ਪਾਠਕ ਚੰਗੀ ਤਰ੍ਹਾਂ ਜਾਣਦੇ ਹੀ ਹਨ ਕਿ ਇਹ ਸਾਰੀਆਂ ਬਾਣੀਆਂ ਗੁਰੂ ਨਾਨਕ ਦੇਵ ਜੀ ਦੀ ਰਚਨਾ ਹਨ। ਇਨ੍ਹਾਂ ਵਿੱਚੋਂ ਜਪੁ ਅਤੇ ਆਸਾ ਦੀ ਵਾਰ ਦਾ ਪਾਠ/ਕੀਰਤਨ ਸਵੇਰ ਵੇਲੇ ਸਾਰੇ ਹੀ ਇਤਿਹਾਸਕ ਗੁਰਦੁਆਰਿਆਂ ਵਿੱਚ ਬਾਕਾਇਦਗੀ ਨਾਲ ਹੁੰਦਾ ਹੈ। ਲੇਖਕ ਨੇ ਹਰ ਬਾਣੀ ਦੇ ਅਧਿਐਨ/ਮੁਲਾਂਕਣ ਨਾਲ ਸੰਬੰਧਿਤ ਦੋ ਚੈਪਟਰ ਬਣਾਏ ਹਨ – ਇੱਕ ਵਿਸ਼ਾ-ਵਸਤੂ ਦਾ ਤੇ ਦੂਜਾ ਕਾਵਿ ਕਲਾ ਜਾਂ ਸਾਹਿਤਕ ਪੱਖ ਦਾ। ਹਰ ਅਧਿਆਏ ਨੂੰ ਅੱਗੋਂ ਸਿਰਲੇਖਾਂ ਅਤੇ ਉਪ ਸਿਰਲੇਖਾਂ ਵਿੱਚ ਵੰਡ ਕੇ ਸੌਖੀ ਤਰ੍ਹਾਂ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ।

ਹਰ ਬਾਣੀ ਦੇ ਬਾਰੇ ਇਹ ਸਪਸ਼ਟ ਕੀਤਾ ਗਿਆ ਹੈ ਕਿ ਇਹ ਗੁਰੂ ਗ੍ਰੰਥ ਸਾਹਿਬ ਦੇ ਕਿਹੜੇ ਅੰਗ ਤੇ ਸੁਸ਼ੋਭਿਤ ਹੈ। 'ਜਪੁ' ਬਾਣੀ ਦੇ ਵਿਸ਼ਾ ਵਸਤੂ (13-55) ਵਿੱਚ ੳ ਤੋਂ ਗ ਤੱਕ 8 ਉਪ ਸਿਰਲੇਖ ਬਣਾਏ ਗਏ ਹਨ ਅਤੇ ਲੱਗਭੱਗ ਹਰ ਪਉੜੀ ਦੇ ਸਰਲ ਅਤੇ ਕੇਂਦਰੀ ਅਰਥ ਸਪਸ਼ਟ ਕੀਤੇ ਗਏ ਹਨ। ਇਸੇ ਤਰ੍ਹਾਂ 'ਜਪੁ' ਬਾਣੀ ਦੀ ਕਾਵਿ ਕਲਾ (56-76) ਵਿੱਚ ਅਲੰਕਾਰ, ਅਖਾਣਾਂ, ਮੁਹਾਵਰੇ, ਸ਼ਬਦਾਵਲੀ, ਕਾਵਿ ਰਸ ਆਦਿ ਨੂੰ ਸਮਝਾਇਆ ਗਿਆ ਹੈ। ਲੋੜ ਮੁਤਾਬਕ ਹਵਾਲੇ ਅਤੇ ਟਿੱਪਣੀਆਂ ਲਈ ਫੁੱਟ ਨੋਟਾਂ ਦੀ ਸੁਯੋਗ ਵਰਤੋਂ ਕੀਤੀ ਗਈ ਹੈ।

'ਆਸਾ ਦੀ ਵਾਰ' (77-113) ਬਾਰੇ ਸਪਸ਼ਟ ਕੀਤਾ ਹੈ ਕਿ ਇਸ ਬਾਣੀ ਦੀਆਂ 24 ਪਉੜੀਆਂ ਹਨ, ਜਿਸ ਵਿੱਚ 60 ਸ਼ਲੋਕ ਵੀ ਸ਼ਾਮਲ ਹਨ। ਇਨ੍ਹਾਂ ਵਿੱਚ 45 ਸ਼ਲੋਕ ਗੁਰੂ ਨਾਨਕ ਦੇਵ ਜੀ ਦੇ ਅਤੇ 15 ਸ਼ਲੋਕ ਗੁਰੂ ਅੰਗਦ ਦੇਵ ਜੀ ਦੇ ਲਿਖੇ ਹੋਏ ਹਨ। 'ਆਸਾ ਦੀ ਵਾਰ' ਨੂੰ ਗਾਉਣ ਦਾ ਆਦੇਸ਼ 'ਟੁੰਡੇ ਅਸਰਾਜੇ ਦੀ ਧੁਨੀ' ਹੈ, ਜਿਸ ਬਾਰੇ ਲੇਖਕ ਨੇ ਸੰਖੇਪ ਰੂਪ ਵਿੱਚ ਟੁੰਡੇ ਅਸਰਾਜੇ ਦੀ ਕਥਾ ਵੀ ਸ਼ਾਮਲ ਕੀਤੀ ਹੈ। ਇਸ ਬਾਣੀ ਦੇ ਅੱਗੋਂ ੳ ਤੋਂ ਹ ਤੱਕ ਸਿਰਲੇਖ ਤੇ ਉਨ੍ਹਾਂ ਦੇ ਹੋਰ ਉਪ ਸਿਰਲੇਖ ਬਣਾਏ ਗਏ ਹਨ। ਇਸ ਬਾਣੀ ਦੇ ਸਾਹਿਤਕ ਪੱਖ (114-135) ਵਿੱਚ ਅਲੰਕਾਰ, ਅਖਾਣ, ਮੁਹਾਵਰੇ, ਸ਼ਬਦਾਵਲੀ, ਕਾਵਿ ਰਸ ਆਦਿ ਦੀ ਨਿਸ਼ਾਨਦੇਹੀ ਕੀਤੀ ਗਈ ਹੈ।

'ਸਿਧ ਗੋਸਟਿ' (136-177) ਦੇ ਵਿਸ਼ਾ ਵਸਤੂ ਵਿੱਚ ਇਸਦੀ ਬਣਤਰ, ਸਥਾਨ, ਸਿੱਧ, ਧਾਰਮਿਕ ਭੇਖ, ਸਦਾਚਾਰ, ਅਧਿਆਤਮ, ਪ੍ਰਾਭੌਤਿਕ ਦਾਰਸ਼ਨਿਕ ਪ੍ਰਾਣ, ਮਾਇਆ, ਹਉਮੈ, ਸ੍ਰਿਸ਼ਟੀ, ਨਿੱਜੀ ਪ੍ਰਸ਼ਨ, ਜੀਵਨ ਜਾਚ, ਗੁਰੂ ਤੇ ਨਾਮ ਦੀ ਮਹੱਤਾ, ਸੰਵਾਦ ਦੀ ਜਾਚ ਆਦਿ ਬਾਰੇ ਵਿਸਤ੍ਰਿਤ ਚਰਚਾ ਮਿਲਦੀ ਹੈ। ਇਸ ਬਾਣੀ ਦੀ ਕਾਵਿ ਕਲਾ ਵਾਲੇ ਅਧਿਆਏ (178-187) ਵਿੱਚ ਅਲੰਕਾਰ, ਅਖਾਣ, ਮੁਹਾਵਰੇ, ਸ਼ਬਦਾਵਲੀ, ਕਾਵਿ ਰਸ ਨੂੰ ਸਪਸ਼ਟ ਕੀਤਾ ਗਿਆ ਹੈ।

'ਬਾਰਹ ਮਾਹਾ ਤੁਖਾਰੀ' ਦੇ ਵਿਸ਼ਾ ਵਸਤੂ (188-208) ਵਿੱਚ ਇਸਦੀ ਬਣਤਰ, ਬਿਰਹਾ ਤੇ ਮਿਲਾਪ ਦੀਆਂ ਅਵਸਥਾਵਾਂ, ਗੁਰੂ ਦੀ ਲੋੜ, ਸਦਾਚਾਰ, ਪ੍ਰਕਿਰਤੀ ਚਿੱਤਰਣ, ਬਾਰਹ ਮਾਹਾ ਤੁਖਾਰੀ ਤੇ ਬਾਰਹ ਮਾਹਾ ਮਾਂਝ ਵਿਚਲੀ ਸਾਂਝ ਨੂੰ ਸਮਝਾਇਆ ਗਿਆ ਹੈ। ਇਸ ਬਾਣੀ ਦੇ ਸਾਹਿਤਕ ਪੱਖ (209-216) ਦੀ ਚਰਚਾ ਕਰਦਿਆਂ ਅਲੰਕਾਰ, ਅਖਾਣ, ਮੁਹਾਵਰੇ, ਸ਼ਬਦਾਵਲੀ, ਕਾਵਿ ਰਸ ਨੂੰ ਦਰਸਾਇਆ ਗਿਆ ਹੈ।

'ਓਅੰਕਾਰ' ਬਾਣੀ ਦੇ ਵਿਸ਼ਾ ਵਸਤੂ (217-237) ਵਿੱਚ ਇਸਦੀ ਬਣਤਰ, ਪਰਮਾਤਮਾ ਦੀ ਹੋਂਦ ਤੇ ਹਸਤੀ, ਨਾਮ ਸਿਮਰਨ ਦੀ ਮਹਿਮਾ, ਸੱਚਾ ਗੁਰੂ ਤੇ ਕੱਚਾ ਗੁਰੂ, ਗੁਰਬਾਣੀ ਦੀ ਮਹੱਤਾ, ਉਪਦੇਸ਼, ਮਾਇਆ, ਨੈਤਿਕਤਾ ਜਿਹੇ ਸੰਕਲਪਾਂ ਨੂੰ ਸੌਖੇ ਢੰਗ ਨਾਲ ਸਮਝਾਇਆ ਹੈ। ਇਸ ਬਾਣੀ ਦੀ ਕਾਵਿ ਕਲਾ ਵਾਲੇ ਚੈਪਟਰ (238-244) ਵਿੱਚ ਅਲੰਕਾਰਾਂ, ਅਖਾਣਾਂ ਤੇ ਸ਼ਬਦਾਵਲੀ ਦਾ ਬੋਧ ਕਰਵਾਇਆ ਹੈ।

'ਪਟੀ ਲਿਖੀ' ਬਾਣੀ ਦੇ ਵਿਸ਼ਾ ਵਸਤੂ (245-258) ਵਿੱਚ ਇਸਦੀ ਬਣਤਰ, ਕੇਂਦਰੀ ਵਿਸ਼ਾ ਵਸਤੂ, ਅਸਲ ਵਿਦਿਆ ਤੇ ਅਸਲ ਗਿਆਨ, ਕਰਮਾਂ ਦਾ ਲੇਖਾ, ਪਰਮਾਤਮਾ ਦੀ ਕਿਰਪਾ ਤੇ ਸਤਿਗੁਰੂ ਦੀ ਪ੍ਰਾਪਤੀ, ਸਦਾਚਾਰ ਦਾ ਉਪਦੇਸ਼, ਗੁਰਮੁਖੀ ਲਿਪੀ ਦੀ ਸੰਭਾਲ ਤੇ ਮਹੱਤਾ ਆਦਿ ਵੇਰਵਿਆਂ ਬਾਰੇ ਜਾਣਕਾਰੀ ਹੈ ਤੇ ਇਸਦੇ ਸਾਹਿਤਕ ਪੱਖ (259-262) ਵਿੱਚ ਅਲੰਕਾਰ, ਅਖਾਣ, ਸ਼ਬਦਾਵਲੀ, ਮੁਹਾਵਰੇ ਬਾਰੇ ਚਰਚਾ ਕੀਤੀ ਗਈ ਹੈ।

ਅੰਤਿਕਾ (263-270) ਵਿੱਚ ਲੇਖਕ ਨੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਸਾਹਿਤਕ ਪੱਖੋਂ ਅਧਿਐਨ ਦੀ ਲੋੜ ਤੇ ਮਹੱਤਾ ਬਾਰੇ ਮਹੱਤਵਪੂਰਣ ਵਿਚਾਰ ਪੇਸ਼ ਕੀਤੇ ਹਨ। ਪੁਸਤਕ ਦੇ ਅੰਤਿਮ ਹਿੱਸੇ (271-272) ਵਿੱਚ ਸਹਾਇਕ ਪੁਸਤਕ ਸੂਚੀ ਦੇ ਅੰਤਰਗਤ ਪੰਜਾਬੀ, ਹਿੰਦੀ, ਅੰਗਰੇਜ਼ੀ ਪੁਸਤਕਾਂ ਦੇ ਨਾਲ ਨਾਲ ਕੁਝ ਮਾਸਿਕ ਪੱਤਰਾਂ ਅਤੇ ਡਿਕਸ਼ਨਰੀਆਂ ਦਾ ਵੇਰਵਾ ਦਰਜ ਹੈ।

ਇਸ ਤਰ੍ਹਾਂ ਲੇਖਕ ਨੇ ਇਨ੍ਹਾਂ ਛੇ ਬਾਣੀਆਂ ਦੇ ਵਿਸ਼ਾ ਅਤੇ ਕਲਾ ਪੱਖ ਨੂੰ ਬੜੇ ਸੌਖੇ ਢੰਗ ਨਾਲ ਪ੍ਰਗਟਾਇਆ ਹੈ। ਪੰਜਾਬੀ ਸਾਹਿਤ ਅਤੇ ਧਰਮ ਅਧਿਐਨ ਦੇ ਵਿਦਿਆਰਥੀਆਂ/ਜਗਿਆਸੂਆਂ/ਪਾਠਕਾਂ ਲਈ ਇਹ ਕਿਤਾਬ ਕਈ ਨਵੇਂ ਦਿੱਸਹੱਦੇ ਖੋਲ੍ਹੇਗੀ, ਅਜਿਹਾ ਮੇਰਾ ਵਿਸ਼ਵਾਸ ਹੈ! ਗੁਰਮਤਿ ਦੇ ਖੋਜੀ ਬਿਰਤੀ ਵਾਲੇ ਲੇਖਕ ਦੁਆਰਾ ਇਸ ਪੁਸਤਕ ਦੀ ਰਚਨਾ ਦਾ ਹਾਰਦਿਕ ਸਵਾਗਤ ਹੈ!

## ਗ਼ਜ਼ਲ

ਵਰਲਡ ਪੰਜਾਬੀ ਟਾਈਮਜ਼ ਬਲਵਿੰਦਰ 'ਬਾਲਮ' ਗੁਰਦਾਸਪੁਰ

ਮਾਨਵਤਾ ਵਿੱਚ ਐਸੀ ਉਰਜਾ ਭਰਦਾ ਹੈ ਅਧਿਆਪਕ |
ਸੂਰਜ ਚੰਨ ਸਿਤਾਰੇ ਪੈਦਾ ਕਰਦਾ ਹੈ ਅਧਿਆਪਕ |
ਉਮੀਦਾਂ ਨੂੰ ਇੱਕ ਬੁਲੰਦੀ ਤਕ ਪਹੁੰਚਾਉਂਦਾ ਹੈ,
ਖੁਦ ਉਹ ਭਾਵੇਂ ਅੱਗ ਦਾ ਸਾਗਰ ਤਰਦਾ ਹੈ ਅਧਿਆਪਕ |

ਖ਼ੁਸ਼ਹਾਲੀ ਹਰਿਆਲੀ ਇੱਕ ਸੰਦੇਸ਼ਾਂ ਦਿੰਦੀ ਹੈ,
ਬੱਦਲਾਂ ਵਾਗੂੰ ਧਰਤੀ ਉਪਰ ਵਰ੍ਹਦਾ ਹੈ ਅਧਿਆਪਕ |
ਅਨੁਯਾਈ ਦੇ ਹਿੱਤਾਂ ਦੀ ਰਖਵਾਲੀ ਏਦਾਂ ਕਰਦਾ,
ਜੀ ਕੇ ਮਰਦਾ, ਮਰਕੇ ਜੀ ਕੇ ਮਰਦਾ ਹੈ ਅਧਿਆਪਕ |

ਬੋਹੜ ਦੇ ਰੁੱਖ ਦੇ ਵਾਗੂੰ ਅਪਣੀਂ ਰਖਦਾ ਹੈ ਮਰਿਆਦਾ,
ਧੁੱਪਾਂ ਛਾਵਾਂ ਦਾ ਪਰਿਵਰਤਨ ਜਰਦਾ ਹੈ ਅਧਿਆਪਕ |
ਦਰਿਆਵਾਂ ਦੀ ਹੋਂਦ ਸਥਾਪਿਤ ਹੁੰਦੀ ਇਸ ਦੇ ਵਿਚੋਂ,
ਬਰਫ਼ਾਂ ਦੇ ਵਿਚ ਪਰਬਤ ਵਾਂਗੂੰ ਠਰਦਾ ਹੈ ਅਧਿਆਪਕ |

ਅਪਣੀਂ ਸਿਰਜਨਤਾ ਦੀ ਖ਼ੁਸ਼ਬੂ ਚਾਰ ਚੁਫ਼ੇਰੇ ਵੰਡੇ,
ਨਾ ਕਿਸੇ ਤੋਂ ਜਿਤਦਾ ਹੀ ਹੈ, ਨਾ ਹਰਦਾ ਹੈ ਅਧਿਆਪਕ |
ਬਾਲਮ ਇਕ ਅਨੁਸ਼ਾਸਨ ਉਨਤੀ ਸੰਕਲਪ ਦਯਾ ਤੇ ਸੰਜਮ,
ਵਕਤ ਦੇ ਪੈਰਾਂ ਹੇਠ ਹਥੇਲੀ ਧਰਦਾ ਹੈ ਅਧਿਆਪਕ |

## ਬਦਲਾਅ ਦੀ ਬਿੱਲੀ ਥੈਲਿਉਂ ਤੋਂ ਬਾਹਰ।

ਵਰਲਡ ਪੰਜਾਬੀ ਟਾਈਮਜ਼ ਡਾ ਜਸਵੀਰ ਸਿੰਘ ਗਰੇਵਾਲ

ਭਾਈ ਗਲੀ ਗਲੀ ਚ ਹੈ ਸੋਰ ਸੋਰ
ਇਹ ਆਪ ਵਾਲੀ ਪਾਰਟੀ ਹੈ ਹੁਣ ਹੋਰ।

ਨਾ ਦਿੱਤਾ ਇੱਕ ਹਜ਼ਾਰ ਇਸਤਰੀ ਨੂੰ
ਵਾਇਦੇ ਨਾਲ ਲੈਗੇ ਬੀਬੀ ਵੋਟਾਂ ਵਟੋਰ।

ਖਾਗੇ ਪੰਜਾਬ ਦਾ ਅਰਥਚਾਰਾ ਦਿੱਲੀਏ
ਪੰਜਾਬ ਦੇ ਪੈਸਿਆਂ ਨਾਲ ਇਸ਼ਤਿਆਰ।

ਲਾਲਾ ਫਿਰੇ ਪੰਜਾਬ ਦੇ ਹੈਲੀਕਾਪਟਰ ਤੇ
ਬਣਿਆ ਮੁੱਖ ਮੰਤਰੀ ਤੇ ਹੈ ਵੀਟੋ ਪਾਵਰ।

ਦਿੱਲੀ ਤੋਂ ਭੇਜ ਬੰਦੇ ਮੰਤਰੀਆਂ ਅੱਗੇ ਲਾਏ
ਪਾਲਸੀਆਂ ਦਿੱਲੀ ਡੱਮੀ ਹੁੰਦੀਆਂ ਤਿਆਰ।

ਭਮੱਕੜਾ ਦੇ ਫੰਗਾਂ ਨੂੰ ਵੀ ਲੱਗ ਗਿਆ ਸੇਕ
ਵਾਪਸ ਹੋਏ ਲੈਂਡ ਪੂਲਿੰਗ ਤੇ ਫੈਸਲੇ ਬੇਕਾਰ।

ਸਰਾਬ ਪਾਲਸੀ ਦਿੱਲੀ ਨੇ ਡੁੰਗੇ ਦੋਨੋ ਆਕਾ
ਜੇਲ੍ਹ ਦੇ ਕਰਾਤੇ ਇਹਨਾਂ ਨੂੰ ਦਰਸ਼ਨ ਦੀਦਾਰ।

ਕੱਲ ਪੰਜਾਬ ਸੀ ਆਇਆ ਲੈਕਚਰ ਵਾਸਤੇ
ਗਿਆ ਪੰਜਾਬੀਆਂ ਨੂੰ ਸਟੇਜ ਤੋਂ ਦੱਬਕੇ ਮਾਰ।

ਆਖੇ ਸਾਮ, ਦਾਮ, ਦੰਡ, ਭੇਦ, ਪ੍ਰਸ਼ਨ, ਜੁਆਬ
ਲੜਾਈ, ਭੜਾਈ ਜੋ ਹੋਊ ,ਹੋ ਜਿੱਤ ਤਿਆਰ।

ਪ੍ਰਧਾਨ,ਮਾਨ ਹੋਏ ਹੈਰਾਨ, ਵੱਜੀਆਂ ਤਾੜੀਆਂ
ਗਰੇਵਾਲ ਦੇਖ ਲਿਆ ਕੈਸਾ ਇਨਕਾ ਵਿਚਾਰ।

ਮੋਹਰੀ ਲੀਡਰ ਆਪ ਦਾ ਤੇ ਇਹ ਹੈ ਕਿਰਦਾਰ
ਹੈ ਨਾ ਬਦਲਾਅ ਬਿੱਲੀ ਥੈਲਿਉਂ ਤੋਂ ਬਾਹਰ।

## ਸਮਾਜ ਨੂੰ ਸੋਹਣੇ ਰਸਤੇ ਤੋਰਨ ਲਈ ਵਿਗਿਆਨਕ ਵਿਚਾਰਾਂ ਵਾਲੇ ਸਾਹਿਤ ਦੀ ਅਤੀ ਲੋੜ- ਤਰਕਸ਼ੀਲ


ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮ ਵੇਦ

ਭਾਰਤ ਵਿੱਚ ਮੋਬਾਇਲ ਫੋਨ ਅਤੇ ਆਮ ਜਨਤਾ ਲਈ ਇੰਟਰਨੈੱਟ ਦੀ ਸ਼ੁਰੂਆਤ 1995 ਵਿੱਚ ਕੀਤੀ ਗਈ। ਸੋ ਵੀਹਵੀਂ ਸਦੀ ਦੇ ਅੰਤ ਤੱਕ ਤਾਂ ਗਿਆਨ ਦਾ ਸੋਮਾ ਅਖ਼ਬਾਰ,ਮੈਗਜ਼ੀਨ ਅਤੇ ਕਿਤਾਬਾਂ ਹੀ ਸਨ। ਲੇਖਕਾਂ, ਪਾਠਕਾਂ ਵਿੱਚ ਵਿਚਾਰਾਂ ਦੇ ਅਦਾਨ-ਪ੍ਰਦਾਨ ਕਰਨ ਦਾ ਸਾਧਨ ਚਿੱਠੀਆਂ ਹੀ ਸਨ। ਪਰ 21ਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਸੂਚਨਾ ਕ੍ਰਾਂਤੀ ਹੋ ਗਈ। ਜੋ ਗਿਆਨ ਪਹਿਲਾਂ ਕਾਗਜ਼ ਉੱਤੇ ਛਪੇ ਅੱਖਰਾਂ ਤੋਂ ਮਿਲਦਾ ਸੀ ਉਹ ਗਿਆਨ ਹੱਥ ਵਿੱਚ ਫੜੇ ਫੋਨ ਦੀ ਸਕਰੀਨ ਉੱਤੇ ਚਮਕਣ ਲੱਗਾ।ਹਰ ਘਟਨਾ ਦੀ ਖਬਰ ਘਟਨਾ ਵਾਪਰਨ ਦੇ ਕੁਝ ਮਿੰਟਾਂ ਵਿੱਚ ਹੀ ਸਾਰੀ ਦੁਨੀਆ ਵਿੱਚ ਪਹੁੰਚਣ ਲੱਗੀ। ਇੰਟਰਨੈੱਟ ਰਾਹੀਂ ਗਿਆਨ ਦੀ ਹਨੇਰੀ ਤਾਂ ਵਗੀ ਪਰ ਇਸ ਹਨੇਰੀ ਨਾਲ ਬਹੁਤ ਸਾਰਾ ਕੂੜਾ ਕਰਕਟ ਵੀ ਅੱਲ੍ਹੜ ਦਿਮਾਗਾਂ ਵਿੱਚ ਵੜਨ ਲੱਗਾ। ਸੋਸ਼ਲ ਮੀਡੀਆ ਅਜਿਹੇ ਬੇਪੜਤਾਲੇ ਗਿਆਨ ਦਾ ਵੱਡਾ ਸੋਮਾ ਬਣ ਗਿਆ। ਇਸ ਨੇ ਸਿਆਣੇ ਦਿਮਾਗਾਂ ਨੂੰ ਅਹਿਸਾਸ ਕਰਵਾਇਆ ਕਿ ਕਾਗਜ ਉੱਤੇ ਲਿਖੇ ਅੱਖਰਾਂ ਦੀ ਆਪਣੀ ਅਹਿਮੀਅਤ ਹੈ। ਸੋਸ਼ਲ ਮੀਡੀਆ ਉੱਤੇ ਜਾਹਲੀ ਆਈ.ਡੀ. ਬਣਾ ਕੇ ਕੋਈ ਕੁਝ ਵੀ ਲਿਖ ਸਕਦਾ ਹੈ। ਪਰ ਅਖ਼ਬਾਰ ,ਮੈਗਜ਼ੀਨ ਜਾਂ ਕਿਤਾਬ ਵਿੱਚ ਲਿਖੇ ਹਰ ਅੱਖਰ ਲਈ ਲੇਖਕ/ਸੰਪਾਦਕ ਜ਼ਿੰਮੇਵਾਰ ਹੁੰਦਾ ਹੈ। ਇੰਟਰਨੈੱਟ ਉਤਲੇ ਗਿਆਨ ਦਾ ਮੂਲ ਆਧਾਰ ਵੀ ਪ੍ਰਿੰਟ ਅੱਖਰ ਹੀ ਹਨ। ਸੋ ਅਖ਼ਬਾਰ,ਮੈਗਜ਼ੀਨ ਅਤੇ ਕਿਤਾਬ ਦੀ ਆਪਣੀ ਅਹਿਮੀਅਤ ਹੈ। ਪਰ ਇਹ ਅਹਿਮੀਅਤ ਬਰਕਰਾਰ ਰੱਖਣ ਲਈ ਸਾਨੂੰ ਬਦਲੇ ਹੋਏ ਸਮੇਂ ਦੇ ਹਾਣ ਦਾ ਹੋਣਾ ਪਵੇਗਾ। ਜੋ ਚੀਜ਼ ਵੀ ਸਮੇਂ ਨਾਲ ਕਦਮ ਮਿਲਾ ਕੇ ਨਹੀਂ ਚਲਦੀ ਉਹ ਖਤਮ ਹੋ ਜਾਂਦੀ ਹੈ। ਅੱਜ ਦੇ ਸਮੇਂ ਦੇ ਪਾਠਕਾਂ ਦੇ ਸਵਾਦ ਵੱਖਰੇ ਹਨ, ਮਸਲੇ ਵੱਖਰੇ ਹਨ, ਪੜ੍ਹਨ ਰੁਚੀਆਂ ਵੱਖਰੀਆਂ ਹਨ।

ਅੱਜ ਵਿਗਿਆਨਕ ਸੋਚ ਵਾਲੇ ਅਖ਼ਬਾਰ,ਮੈਗਜੀਨ ਦੀ ਲੋੜ ਪਹਿਲਾਂ ਨਾਲੋਂ ਬਹੁਤ ਵੱਧ ਲੋੜ ਹੋ ਗਈ ਹੈ। ਕਿਉਂ? ਕਿਉਂਕਿ। ਫਿਰਕਾਪ੍ਰਸਤੀ ਵਧ ਗਈ ਹੈ। ਹਰ ਕਿਸਮ ਦੀ ਕੱਟੜਤਾ ਵੱਧ ਰਹੀ ਹੈ। ਨਵੀਂ ਟੈਕਨੋਲੋਜੀ ਰਾਹੀਂ ਭਰਮ ਭੁਲੇਖੇ ਵੱਧ ਤੇਜ਼ੀ ਨਾਲ ਫੈਲਾਏ ਜਾ ਰਹੇ ਹਨ। ਗਲਤ ਸੂਚਨਾਵਾਂ ਦੇ ਵਿਉਂਤਬਧ ਹਮਲੇ ਕਰਕੇ ਸੱਚਾਈ ਨੂੰ ਰੋਲ ਦਿੱਤਾ ਜਾਂਦਾ ਹੈ। ਬਾਜ਼ਾਰ ਘਰਾਂ ਵਿੱਚ ਆ ਵੜਿਆ ਹੈ। ਗੱਲ ਇਸ ਤੋਂ ਵੀ ਅੱਗੇ ਵਧ ਗਈ ਹੈ ਕਿ ਦੁਨੀਆ ਭਰ ਦੇ ਸ਼ੋਅ-ਰੂਮ ਤੁਹਾਡੇ ਮੋਬਾਈਲ ਵਿੱਚ ਆ ਵੜੇ ਹਨ। ਹਰ ਪਲ ਤੁਹਾਨੂੰ ਆਰਡਰ ਕਲਿੱਕ ਕਰਨ ਲਈ ਉਕਸਾਇਆ ਜਾਂਦਾ ਹੈ।ਜੀਵਨ ਵਿੱਚ ਸਹਿਜ, ਸੰਤੁਲਨ, ਸਹਿਯੋਗ, ਸੁਖ-ਸ਼ਾਂਤੀ ਦੀ ਬਜਾਏ ਖਪਤਵਾਦ ਅਤੇ ਵਿਖਾਵੇ ਦੀ ਇੱਕ ਦੌੜ ਲੱਗ ਗਈ ਹੈ। ਇਹ ਦੌੜ, ਇਹ ਅਸੰਤੁਸ਼ਟਤਾ ਮਾਨਸਿਕ ਤਣਾਅ ਪੈਦਾ ਕਰਦੀ ਹੈ।ਮਾਨਸਿਕ ਤਨਾਅ ਮਾਨਸਿਕ ਰੋਗ ਵਿੱਚ ਵਟਦਾ ਹੈ, ਨਸ਼ਿਆਂ ਦੇ ਲੜ ਲਾਉਂਦਾ ਹੈ। ਇਹ ਸਾਰਾ ਕੁਝ ਐਵੇਂ ਕਿਵੇਂ ਨਹੀਂ ਹੋ ਰਿਹਾ।ਇਸ ਪਿੱਛੇ ਇੱਕ ਸਿਸਟਮ ਕੰਮ ਕਰ ਰਿਹਾ ਹੈ।ਉਹ ਸਿਸਟਮ ਦੇਸ਼ਾਂ ਤੋਂ ਲੈ ਕੇ ਹਰ ਇਨਸਾਨ ਨੂੰ ਕੰਟਰੋਲ ਕਰ ਰਿਹਾ ਹੈ।ਫਸਲਾਂ, ਵਪਾਰ, ਜੀਵ-ਜੰਤੂਆਂ, ਨਦੀਆਂ, ਪਹਾੜਾਂ, ਜੰਗਲਾਂ, ਜ਼ਮੀਨਾਂ ਨੂੰ ਕੰਟਰੋਲ ਕਰ ਰਿਹਾ ਹੈ। ਉਹ ਸਿਸਟਮ ਨੂੰ ਵੀ ਸਮਝਣ ਦੀ ਲੋੜ ਹੈ।ਇਸ ਸਿਸਟਮ ਨੂੰ ਸਮਝਣ, ਨਵੇਂ ਦੌਰ ਦੀਆਂ ਚੁਣੌਤੀਆਂ ਨਾਲ ਨਜਿੱਠਣ, ਸੋਚ ਨੂੰ ਵਿਗਿਆਨਕ ਬਨਾਉਣ, ਭਾਵਨਾਵਾਂ ਉੱਤੇ ਤਰਕ ਦੀ ਸਰਦਾਰੀ ਬਣਾਉਣ, ਸੂਚਨਾਵਾਂ ਦੇ ਢੇਰ ਵਿੱਚੋਂ ਸਹੀ ਜਾਣਕਾਰੀ ਹਾਸਲ ਕਰਨ, ਤਕਨਾਲੋਜੀ ਦੀ ਗੁਲਾਮੀ ਦੀ ਬਜਾਏ ਇਸ ਨੂੰ ਜ਼ਿੰਦਗੀ ਚੰਗੇਰੀ ਬਣਾਉਣ ਲਈ ਵਰਤਣ ਵਾਸਤੇ, ਕੁੱਲ ਮਿਲਾ ਕੇ ਜ਼ਿੰਦਗੀ ਅਤੇ ਸਮਾਜ ਨੂੰ ਸੋਹਣੇ ਰਸਤੇ ਉਤੇ ਤੋਰਨ ਵਿੱਚ ਅਗਾਂਹ ਵਧੂ, ਵਿਗਿਆਨਕ ਸੋਚ ਵਿਕਸਤ ਕਰਨ ਵਾਲੇ ਅਖ਼ਬਾਰਾਂ, ਮੈਗਜ਼ੀਨਾਂ ,ਸਾਹਿਤਕ ਕਿਤਾਬਾਂ ਦੀ ਅਤੀ ਲੋੜ ਹੈ।

## ਨਿਸ਼ਕਾਮ ਸਮਾਜਸੇਵਾ ਦੇ ਖੇਤਰ ਵਿੱਚ ਉੱਘੀ ਸਮਾਜ ਸੇਵਿਕਾ ਸੋਨਮ ਸ਼ਰਮਾ ਕਰ ਰਹੀ ਉੱਚੀਆਂ ਉਪਲੱਬਧੀਆਂ ਹਾਸਿਲ।

ਵਰਲਡ ਪੰਜਾਬੀ ਟਾਈਮਜ਼ ਸੰਦੀਪ ਕੰਬੋਜ



ਸਮਾਜ ਸੇਵਾ ਇੱਕ ਉੱਤਮ ਸੇਵਾ ਹੈ ਅਤੇ ਇਹ ਸੇਵਾ ਸੋਨਮ ਸ਼ਰਮਾ ਵੱਲੋਂ ਕਾਂਸ਼ੀ ਰਾਮ ਮੈਮੋਰੀਅਲ ਵੈੱਲਫੇਅਰ ਸੁਸਾਇਟੀ, ਫਾਜ਼ਿਲਕਾ ਦੇ ਸੰਚਾਲਕ ਵਜੋਂ ਨਿਸ਼ਕਾਮ ਤੋਰ ਤੇ ਬਹੁਤ ਲੰਮੇ ਸਮੇਂ ਤੋਂ ਨਿਭਾਈ ਜਾ ਰਹੀ ਹੈ ਜ਼ੋ ਕਿ ਬਹੁਤ ਹੀ ਸਲਾਘਾਯੋਗ ਕਦਮ ਹੈ। ਇਸ ਦੀ ਜਿੰਨ੍ਹੀ ਪ੍ਰਸ਼ੰਸਾ ਕੀਤੀ ਜਾਵੇ, ਉੰਨ੍ਹੀ ਹੀ ਥੋੜੀ ਹੈ।ਜਿੱਥੇ ਇਕ ਪਾਸੇ ਜਿੱਥੇ ਲੜਕੀਆਂ ਨੂੰ ਲੜਕਿਆਂ ਨਾਲੋਂ ਘੱਟ ਸਮਝਿਆ ਜਾਂਦਾ ਹੈ, ਉਥੇ ਸਮਾਜਸੇਵੀ ਸੋਨਮ ਸ਼ਰਮਾ ਨੇ ਆਪਣੀਆਂ ਸਮਾਜ਼ ਸੇਵਾ ਦੇ ਕੰਮ ਕਰਕੇ ਉੱਚੀਆਂ ਉਪਲੱਬਧੀਆਂ ਹਾਸਲ ਕਰ ਕੇ ਲੜਕੀਆਂ ਲੜਕਿਆਂ ਨਾਲੋਂ ਕਿਸੇ ਵੀ ਖੇਤਰ 'ਚ ਘੱਟ ਨਹੀਂ, ਦੀ ਗੱਲ ਸੱਚ ਸਾਬਤ ਕਰ ਦਿੱਤੀ ਹੈ।ਕਹਿੰਦੇ ਹਨ ਕਿ ਜੇਕਰ ਹੋਸਲਿਆਂ ਵਿੱਚ ਉਡਾਣ ਹੋਵੇ ਤਾਂ ਕੋਈ ਵੀ ਆਸਮਾਨ ਦੂਰ ਨਹੀਂ, ਇਹੀ ਗੱਲ ਸਿੱਧ ਕਰ ਦਿਖਾਈ ਹੈ ਸੋਨਮ ਸ਼ਰਮਾ ਨੇ। ਸੋਨਮ ਸ਼ਰਮਾ ਦਾ ਜਨਮ 5 ਜਨਵਰੀ 1980 ਨੂੰ ਫਾਜ਼ਿਲਕਾ ਵਿਖੇ ਹੋਇਆ। ਸੋਨਮ ਸ਼ਰਮਾ ਵੱਲੋਂ ਗਰੇਜੁਏਸ਼ਨ ਦੀ ਪੜ੍ਹਾਈ ਦੇ ਨਾਲ-ਨਾਲ ਐਨ.ਟੀ.ਟੀ ਦਾ ਕੋਰਸ ਕੀਤਾ ਹੋਇਆ ਹੈ। ਸੋਨਮ ਸ਼ਰਮਾ ਦਾ ਵਿਆਹ 1999 ਵਿੱਚ ਵਿਕਰਮ ਸ਼ਰਮਾ ਨਾਲ ਹੋਇਆ ਅਤੇ ਘਰ ਵਿੱਚ ਇਕ ਬੇਟਾ ਅਤੇ 2 ਬੇਟੀਆਂ ਨੇ ਜਨਮ ਲਿਆ।ਸੋਨਮ ਸ਼ਰਮਾ ਵੱਲੋਂ ਪੰਡਿਤ ਕਾਂਸ਼ੀ ਰਾਮ ਮੈਮੋਰੀਅਲ ਵੈੱਲਫੇਅਰ ਸੁਸਾਇਟੀ ਫਾਜ਼ਿਲਕਾ ਚਲਾ ਕੇ ਇਲਾਕੇ ਵਿੱਚ ਸਮਾਜਸੇਵਾ ਦੇ ਕੰਮ ਕੀਤੇ ਜਾ ਰਹੇ ਹਨ ਅਤੇ ਹੋਰ ਵੱਖ ਵੱਖ ਸਮਾਜਸੇਵੀ ਸੰਸਥਾਵਾਂ ਨਾਲ ਜੁੜ ਕੇ ਵੀ ਸੋਨਮ ਸ਼ਰਮਾ ਵੱਲੋਂ ਸਮਾਜਸੇਵਾ ਦੇ ਕੰਮਾਂ ਵਿੱਚ ਵੱਧ ਚੜ ਕੇ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ।ਹਰ ਸਮੇਂ ਗ਼ਰੀਬ ਬੱਚਿਆਂ, ਬਜ਼ੁਰਗਾਂ , ਬੇਸਹਾਰਾ, ਲੋੜਵੰਦਾਂ ਦੀ ਮੱਦਦ ਕਰਨਾ ਸੋਨਮ ਸ਼ਰਮਾ ਦਾ ਪਹਿਲਾਂ ਸ਼ੋਕ ਹੀ ਬਣ ਚੁੱਕਿਆ ਹੈ।ਵੱਖ ਵੱਖ ਸੰਸਥਾਵਾਂ ਵੱਲੋਂ ਬਹੁਤ ਵਾਰ ਸੋਨਮ ਸ਼ਰਮਾ ਨੂੰ ਸਨਮਾਨਿਤ ਵੀ ਕੀਤਾ ਜਾ ਚੁੱਕਿਆ ਹੈ। ਸੋਨਮ ਸ਼ਰਮਾ ਵੱਖ ਵੱਖ ਸਕੂਲਾਂ ਵਿੱਚ ਵੀ ਬੱਚਿਆਂ ਦੀ ਸੇਵਾ ਲਈ ਡੂੰਘੀ ਵਚਨਬੱਧਤਾ ਨਾਲ ਪੂਰੀ ਤਰਾਂ ਸਮਰਪਿਤ ਹੈ। ਇਲਾਕੇ ਦੇ ਜ਼ੇਕਰ ਕਿਸੇ ਸਕੂਲ ਵਿੱਚ ਕਿਸੇ ਵੀ ਲੋੜਵੰਦ ਅਤੇ ਗਰੀਬ ਬੱਚਿਆਂ ਨੂੰ ਕਿਸੇ ਵੀ ਚੀਜ਼ ਦੀ ਜ਼ਰੂਰਤ ਹੁੰਦੀ ਹੈ ਤਾਂ ਸੋਨਮ ਸ਼ਰਮਾ ਵੱਲੋਂ ਮੁਫ਼ਤ ਵਿੱਚ ਆਪਣੇ ਕੋਲੋਂ ਉਹ ਚੀਜ਼ ਬੱਚਿਆਂ ਨੂੰ ਮੁੱਹਈਆ ਕਰਵਾਈ ਜਾਂਦੀ ਹੈ। ਸੋਨਮ ਸ਼ਰਮਾ ਦੁਆਰਾ ਬੱਚਿਆਂ ਵਿੱਚ ਕਲਾਂ ਅਤੇ ਹੁਨਰ ਨੂੰ ਪਹਿਚਾਨਣ ਲਈ ਬੱਚਿਆਂ ਦੀ ਰੁਚੀ ਮੁਤਾਬਿਕ ਪੜ੍ਹਾਈ ਤੋਂ ਇਲਾਵਾ ਵੀ ਗਤੀਵਿਧੀਆਂ ਕਰਨ ਲਈ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਜਾਦਾਂ ਹੈ। ਸੋਨਮ ਸ਼ਰਮਾ ਜੀ ਵੱਲੋਂ ਬੱਚਿਆਂ ਨੂੰ ਹਰ ਸਮੇਂ ਪੜ੍ਹਾਈ ਤੋਂ ਇਲਾਵਾ ਨੈਤਿਕ ਕਦਰਾਂ ਕੀਮਤਾਂ, ਸਮਾਜ਼ ਸੇਵਾ, ਰੁੱਖਾਂ ਦੀ ਸਾਂਭ ਸੰਭਾਲ, ਮਾਪਿਆਂ ਦਾ ਸਤਿਕਾਰ ਅਤੇ ਸਮਾਜ਼ ਵਿੱਚ ਵਿਚਰਨ ਨੂੰ ਨਵੇਂ ਨਵੇਂ ਤਰੀਕੇ ਨਾਲ ਸਿਖਾ ਰਹੀ ਹੈ। ਵਾਤਾਵਰਣ ਦੀ ਸੰਭਾਲ ਅਤੇ ਪੋਸ਼ਣ ਸੰਬੰਧੀ ਸਿੱਖਿਆ ਵੱਖ-ਵੱਖ ਜਾਗਰੂਕਤਾ ਮੁਹਿੰਮਾਂ ਵਿੱਚ ਸੋਨਮ ਸ਼ਰਮਾ ਦੀ ਸ਼ਮੂਲੀਅਤ ਕਮਿਊਨਿਟੀ ਵਿਕਾਸ ਪ੍ਰਤੀ ਸੰਪੂਰਨ ਪਹੁੰਚ ਨੂੰ ਦਰਸਾਉਂਦੀ ਹੈ। ਕਮਿਊਨਿਟੀ ਸੇਵਾ ਦੇ ਤਜ਼ਰਬਿਆਂ ਨੇ ਸੋਨਮ ਸ਼ਰਮਾ ਨੂੰ ਦ੍ਰਿਸ਼ਟੀਕੋਣ ਤੋਰ ਤੇ ਅਮੀਰ ਬਣਾਇਆ ਹੈ ਅਤੇ ਜ਼ਿੰਮੇਵਾਰੀ ਦੀ ਡੂੰਘੀ ਭਾਵਨਾ ਪੈਦਾ ਕੀਤੀ ਹੈ।ਹਰੇਕ ਤਜ਼ਰਬੇ ਦੇ ਨਾਲ ਸੋਨਮ ਸ਼ਰਮਾ ਆਪਣੀ ਕੀਮਤੀ ਸੂਝ ਨਾਲ ਬਹੁਤ ਹੁਨਰ ਹਾਸਿਲ ਕੀਤਾ ਹੈ ਅਤੇ ਹਮੇਸ਼ਾ ਸਮਾਜ਼ ਭਲਾਈ ਦੇ ਕੰਮ ਰਹੀਂ ਹੈ। ਸੋਨਮ ਸ਼ਰਮਾ ਵੱਲੋਂ ਉਹਨਾਂ ਵਿਦਿਆਰਥੀਆਂ ਨੂੰ ਮੁਫ਼ਤ ਵਿੱਚ ਪੜਾਇਆ ਜਾਂਦਾ ਹੈ ਜਿਹਨਾਂ ਵਿਦਿਆਰਥੀਆਂ ਕੋਲ ਪੜ੍ਹਾਈ ਕਰਨ ਲਈ ਪੈਸੇ ਨਹੀਂ ਹਨ। ਜਿਹੜੇ ਵਿਦਿਆਰਥੀ ਪਿਛਲੇ ਸਮੇਂ ਪੈਸੇ ਦੀ ਕਮੀਂ ਜਾ ਫਿਰ ਕਿਸੇ ਹੋਰ ਕਾਰਣ ਪੜਾਈ ਛੱਡ ਗਏ ਸਨ ਉਹਨਾਂ ਦੀ ਪਹਿਚਾਣ ਕਰਕੇ ਉਹਨਾਂ ਨੂੰ ਪੜਾਇਆ ਜਾ ਰਿਹਾ ਹੈ।ਸੋਨਮ ਸ਼ਰਮਾ ਵੱਲੋਂ ਗਰੀਬਾਂ ਬੇਸਹਾਰਾ ਬਜ਼ੁਰਗਾਂ ਨੂੰ ਸਰਦੀ ਦੇ ਮੌਸਮ ਵਿੱਚ ਕੰਬਲ ਅਤੇ ਹੋਰ ਲੋੜਵੰਦ ਵਸਤੂਆਂ ਮੁੱਹਈਆ ਕਰਵਾਈਆ ਜਾਂਦੀਆਂ ਹਨ। ਸੋਨਮ ਸ਼ਰਮਾ ਵੱਲੋਂ ਪੰਡਿਤ ਕਾਂਸ਼ੀ ਰਾਮ ਮੈਮੋਰੀਅਲ ਵੈੱਲਫੇਅਰ ਸੁਸਾਇਟੀ ਅਧੀਨ ਲੋੜਵੰਦ ਵਿਦਿਆਰਥੀਆਂ ਨੂੰ ਸਿਲਾਈ ਕਢਾਈ, ਬਿਊਟੀ ਪਾਰਲਰ ਸਿੱਖਿਆ, ਕੰਪਿਊਟਰ ਸਿੱਖਿਆ ਅਤੇ ਮੁਫ਼ਤ ਟਿਊਸ਼ਨ ਪੜ੍ਹਾਈ ਜਾਂਦੀ ਹੈ।ਇਸ ਦੌਰਾਨ ਉਹਨਾਂ ਝੁੱਗੀ, ਝੋਪੜੀਆਂ ਵਿੱਚ ਰਹਿ ਰਹੇ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਸਿਲਾਈ ਸੈਂਟਰ ਵਿੱਚ ਵੱਧ ਤੋਂ ਵੱਧ ਆਪਣੀ ਲੜਕੀਆਂ ਨੂੰ ਸਿਖਲਾਈ ਲਈ ਭੇਜਣ ਤਾਂ ਜੋ ਉਹ ਆਪਣੇ ਪੈਰਾਂ ਤੇ ਖੜੀਆਂ ਹੋ ਸਕਣ। ਜਿਹੜੇ ਲੋੜਵੰਦ ਪਰਿਵਾਰ ਆਪਣੇ ਘਰ ਦਾ ਗੁਜ਼ਾਰਾ ਨਹੀਂ ਚਲਾ ਸਕਦੇ ਉਹਨਾਂ ਨੂੰ ਸੋਨਮ ਸ਼ਰਮਾ ਵੱਲੋਂ ਘਰ-ਘਰ ਰਾਸ਼ਨ ਪਹੁੰਚਾ ਕੇ ਸੱਚੀ ਸੇਵਾ ਕੀਤੀ ਜਾ ਰਹੀ ਹੈ। ਵਾਤਾਵਰਨ ਨੂੰ ਹਰਿਆ ਭਰਿਆ ਰੱਖਣ ਲਈ ਵੱਧ-ਵੱਧ ਬੂਟੇ ਲਗਾਏ ਜਾ ਰਹੇ ਹਨ ਅਤੇ ਉਹਨਾਂ ਬੂਟਿਆਂ ਦੀ ਸਾਂਭ ਸੰਭਾਲ ਵੀ ਕੀਤੀ ਜਾ ਰਹੀ ਹੈ। ਸੋਨਮ ਸ਼ਰਮਾ ਵੱਲੋਂ ਅਵਾਰਾ ਅਤੇ ਬੇਸਹਾਰਾ ਗਾਵਾਂ ਦੀ ਵੀ ਸਾਂਭ ਸੰਭਾਲ ਕੀਤੀ ਜਾ ਰਹੀ ਹੈ ਅਤੇ ਉਹਨਾਂ ਨੂੰ ਖਾਣ ਲਈ ਹਰਾ ਚਾਰਾ ਦਿੱਤਾ ਜਾ ਰਿਹਾ ਹੈ। ਗਰੀਬਾਂ ਅਤੇ ਲੋੜਵੰਦਾਂ ਦੇ ਇਲਾਜ ਲਈ ਸੋਨਮ ਸ਼ਰਮਾ ਵੱਲੋਂ ਸਮੇਂ ਸਮੇਂ ਤੇ ਮੁਫ਼ਤ ਮੈਡੀਕਲ ਕੈਂਪ ਲਗਾ ਕੇ ਮਰੀਜ਼ਾਂ ਦੀ ਮੁਫ਼ਤ ਵਿੱਚ ਜਾਂਚ ਕਰਵਾ ਕੇ ਇਲਾਜ਼ ਕਰਵਾਉਣ ਵਿੱਚ ਬਹੁਤ ਵੱਡੀ ਮੱਦਦ ਕੀਤੀ ਜਾ ਰਹੀ ਹੈ।